# ਬਾਬਰਬਾਣੀ

## "ਹੰਕਾਰੇ ਹੋਏ ਹੁਕਮਰਾਨ ਤੇ ਲੋਕਾਈ ਨੇ ਰੱਬ ਭੁਲਾਇਆ ਹੋਇਆ ਸੀ"-ਗੁਰੂ ਨਾਨਕ

ਇਹ ਕਹਿਣਾ ਗਲਤ ਹੈ ਕਿ ਸੈਦਪੁਰ ਵਿਖੇ ਗੁਰੂ ਸਾਹਿਬ ਕੋਲੋ ਚੱਕੀ ਪਿਸਾਈ ਗਈ ਸੀ। ਚੱਕੀ ਵਾਲੀ ਘਟਨਾ ਕਾਬੁਲ ਦੀ ਹੈ।

### ਕਾਬੁਲ ਤੋਂ ਵਾਪਸੀ

ਸੱਦਾ, ਨਰਯਾਬ ਅਤੇ ਹੰਗੂ ਆਦਿ ਵਿਚ ਜਿਹੜਾ ਗੁਰੂ ਸਾਹਿਬ ਦਾ ਆਉਣਾ ਸਾਬਤ ਹੁੰਦਾ ਹੈ ਉਸ ਤੋਂ ਲਗਦਾ ਹੈ ਕਿ ਸਾਹਿਬ ਕਾਬੁਲ ਤੋਂ ਦੱਖਣ ਨੂੰ ਹੋ ਤੁਰੇ ਸਨ। ਕਾਬੁਲ ਤੋਂ 127 ਕਿ.ਮੀ. ਦਾ ਪਹਾੜੀ ਪੈਂਡਾ ਕਰਕੇ ਇਤਹਾਸਿਕ ਸ਼ਹਿਰ ਗਰਦੇਜ਼ ਪਹੁੰਚੇ। ਸਾਹਿਬ ਦੀ ਗਰਦੇਜ਼ ਆਮਦ ਬਾਰੇ ਇਤਹਾਸ ਚੁੱਪ ਹੈ। ਇਸ ਤੋਂ ਇਹੋ ਅੰਦਾਜ਼ਾ ਲਗਦਾ ਹੈ ਕਿ ਸਾਹਿਬ ਸਿਰਫ ਇਸ ਪਾਸਿਓ ਦੀ ਨਿਕਲ ਰਹੇ ਸਨ। ਹੋ ਵੀ ਸਕਦਾ ਕਿ ਸਥਾਨਕ ਪੀਰਾਂ ਫਕੀਰਾਂ ਨਾਲ ਗੋਸਟਾਂ ਹੋਈਆਂ ਹੋਣ। ਗਰਦੇਜ਼ ਤੋਂ 105 ਕਿ. ਮੀ. ਸਫਰ ਕਰਕੇ ਖੋਸਤ ਸ਼ਹਿਰ ਪਹੁੰਚੇ। ਉਂਜ ਉਹ ਉਪਰਲੇ ਰਾਹ ਵੀ ਜਾ ਸਕਦੇ ਸਨ। ਪਰ ਸਾਨੂੰ ਇਹੋ ਅੰਦਾਜ਼ਾ ਲਗਦਾ ਹੈ ਕਿ ਉਨਾਂ ਪਰਚਿਨਾਰ ਵਾਲੇ ਪਾਸਿਓ ਜਾਣ ਦੇ ਬਿਜਾਏ ਖੋਸਤ ਨੂੰ ਤਰਜੀਹ ਦਿੱਤੀ ਹੋਵੇਗੀ।

ਅੱਗੇ ਪੂਰਬ ਵਿਚ ਕੁਰਮ ਘਾਟੀ (ਪਾਕਿਸਤਾਨ) ਦਾ ਜਿਹੜਾ ਇਲਾਕਾ ਅੱਜ ਕਲ੍ਹ ਪਾਕਿਸਤਾਨ- ਅਫਗਾਨਿਸਤਾਨ ਦੀ ਸਰਹੱਦ ਤੇ ਪੈਂਦਾ ਹੈ, ਲਗਦਾ ਗੁਰੂ ਸਾਹਿਬ ਨੇ ਇਹ ਖੂਬ ਗਾਹਿਆ ਸੀ। ਇਸ ਇਲਾਕੇ ਦੇ ਬੰਨੂ, ਨਰਯਾਬ, ਸੱਦਾ ਅਤੇ ਹੰਗੂ ਵਿਚ ਗੁਰੂ ਸਾਹਿਬ ਦੀ ਆਮਦ ਦੇ ਸਬੂਤ ਮਿਲਦੇ ਹਨ।

ਹੰਗੂ ਵਿਚ ਵੀ ਗੁਰੂ ਸਾਹਿਬ ਨੇ ਇਕ ਚਸ਼ਮਾ ਜਾਰੀ ਕੀਤਾ ਸੀ ਜੋ ਅੱਜ ਵੀ ਮੌਜੂਦ ਹੈ ਤੇ ਨਾਂ ਵੀ ਬਾਬੇ ਦਾ ਹੀ ਵੱਜਦਾ ਹੈ।

ਫਿਰ ਨਰਿਆਬ ਵਿਖੇ ਚੋਖੀ ਸਿੱਖੀ ਸੇਵਕੀ ਹੋ ਗਈ ਸੀ। ਇਥੇ ਇਕ ਜੋਗੀ ਕੋਲ ਗੁਰੂ ਸਾਹਿਬ ਠਹਿਰੇ ਸਨ ਜਿਸ ਨੇ ਸਿੱਖੀ ਧਾਰਨ ਕੀਤੀ। ਇਸ ਸੰਤ ਨੇ ਸਿੱਖੀ ਦਾ ਚੋਖਾ ਪ੍ਰਚਾਰ ਇਲਾਕੇ ਵਿਚ ਕੀਤਾ। ਇਥੇ ਗੁਰਅਸਥਾਨ ਵੀ ਹੁੰਦਾ ਸੀ ਜਿਸ ਦੀ ਸੇਵਾ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਦੀ ਓਲਾਦ ਵਿਚੋਂ ਭੱਲੇ ਸਿੱਖਾਂ ਕੋਲ ਹੁੰਦੀ ਸੀ। ਅੱਜ ਕੁਝ ਖਬਰ ਨਹੀ ਕਿ ਨਰਿਆਬ ਵਿਖੇ ਗੁਰ ਅਸਥਾਨ ਬਚ ਪਾਇਆ ਕਿ ਨਹੀ।



ਚਸ਼ਮਾ ਗੁਰੂ ਨਾਨਕ ਹੰਗੂ। ਇਕ ਪਠਾਣ ਗੁਰਸਿੱਖ ਚਸ਼ਮੇ ਦੇ ਦਰਸ਼ਨ ਕਰਾਉਦਾ ਹੋਇਆ (ਫੋਟੋ ਯੂਟਿਊਬ)

ਸੱਦਾ ਵਿਖੇ ਉਹਨਾਂ ਕੀ ਕੌਤਕ ਕੀਤਾ ਕੁਝ ਪਤਾ ਨਹੀ ਚਲ ਪਾਇਆ।

-----◆-----



ਬਾਬਰ (ਸੱਜੇ) ਆਪਣੇ ਪੁੱਤਰ ਸ਼ਹਿਜਾਦਾ ਹਮਾਯੂ ਨਾਲ

### ਸੈਦਪੁਰ ਰਵਾਨਾ

ਕਾਬੁਲ ਰਹਿੰਦਿਆਂ ਹੀ ਗੁਰੂ ਸਾਹਿਬ ਨੂੰ ਅਹਿਸਾਸ ਹੋ ਚੁੱਕਾ ਸੀ ਕਿ ਬਾਬਰ ਹੁਣ ਪੰਜਾਬ ਦੀਆਂ ਬਾਕੀ ਰਾਜਧਾਨੀਆਂ ਨੂੰ ਵੀ ਲੁੱਟੇਗਾ। ਲਗਦੈ ਜਲਦੀ ਹੀ ਸਾਹਿਬ ਨੂੰ ਖਬਰ ਮਿਲ ਗਈ ਕਿ ਬਾਬਰਵਾਣੀ (ਬਾਬਰ ਦੀ ਫੌਜ) ਪੰਜਾਬ ਵਲ ਰਵਾਨਾ ਹੋ ਰਹੀ ਹੈ। ਸਾਹਿਬ ਨੇ ਕੁਰਮ ਘਾਟੀ ਅਤੇ ਬੰਨੂ ਤੋਂ ਏਮਨਾਬਾਦ ਨੂੰ ਚਾਲੇ ਪਾ ਲਏ।

ਕਈ ਇਤਹਾਸਕਾਰਾਂ ਨੇ ਭਾਈ ਮਰਦਾਨਾ ਦਾ ਇਥੇ ਭਾਵ ਕੁਰਮ ਘਾਟੀ ਵਿਚ ਚਲਾਣਾ ਵਿਖਾ ਦਿੱਤਾ ਹੈ ਜੋ ਸਰਾਸਰ ਗਲਤ ਹੈ।

ਬੰਨੂ ਤੋਂ ਕੁਰਮ ਦਰਿਆ ਦੇ ਨਾਲ ਨਾਲ ਚਲਦੇ ਹੋਏ ਨੌਰੰਗੇ ਦੀ ਸਰਾਂ, ਅੱਜ ਦੇ ਲੱਕੀ ਮਰਵਤ, ਮੀਆਂ ਵਾਲੀ, ਸਰਗੋਧਾ ਅਤੇ ਹਾਫਿਜਾਬਾਦ ਹੁੰਦੇ ਹੋਏ ਸੈਦਪੁਰ (ਏਮਨਾਬਾਦ) ਪਹੁੰਚੇ।

### ਸੈਦਪੁਰ ਗੁਰਸਿੱਖਾਂ ਨੂੰ ਹਮਲੇ ਬਾਬਤ ਸੁਚੇਤ ਕਰਨਾਂ

ਕਿਉਕਿ ਬਾਬਰ ਗਵਾਂਢ ਦੀਆ ਰਿਆਸਤਾਂ ਭੇੜਾ, ਖੁਸ਼ਾਬ ਵਗੈਰਾ ਤੋਂ ਮੋਟੀਆਂ ਰਕਮਾਂ ਲੈ ਗਇਆ ਸੀ ਇਸ ਕਰਕੇ ਅੰਦਾਜ਼ਾ ਇਹੋ ਬਣਦਾ ਸੀ ਕਿ ਅਗਲੀ ਬਾਕੀ ਰਹਿੰਦੀਆ ਰਿਆਸਤਾਂ ਸੈਦਪੁਰ, ਦੀਪਾਲਪੁਰ, ਸਿਆਲਕੋਟ, ਸੂਬਾ ਲਹੌਰ ਆਦਿ ਦੀ ਵਾਰੀ ਹੈ।

ਕਿਉਕਿ ਓਥੇ ਕਾਬੁਲ ਬਾਬਰ ਅਤੇ ਉਹਦੇ ਦਰਬਾਰੀਆਂ ਨਾਲ ਹੋਈਆਂ ਗੱਲਾਂ ਬਾਤਾਂ ਤੋਂ ਸਾਹਿਬ ਨੂੰ ਅੰਦਾਜ਼ਾ ਹੋ ਚੁੱਕਾ ਸੀ ਕਿ ਅਗਲੀ ਵਾਰੀ ਹੁਣ ਸੈਦਪੁਰ ਦੀ ਆਈ ਹੀ ਆਈ। ਫਿਰ ਉਥੇ ਦੇ ਪਠਾਣ ਗਵਰਨਰ ਬਹਿਰ ਖਾਂ ਦੇ ਸੁਭਾ ਤੋਂ ਵੀ ਸਾਹਿਬ ਜਾਣੂ ਹੋ ਚੁੱਕੇ ਸਨ ਜੋ ਆਪਣੀ ਹੀ ਦੁਨੀਆ ਵਿਚ ਰਹਿੰਦਾ ਸੀ। ਅਜਿਹਾ

ਹੰਕਾਰੀ ਬੰਦਾ ਫਿਰ ਆਪਣੀ ਤਾਕਤ ਦਾ ਸਹੀ ਅੰਦਾਜ਼ਾ ਵੀ ਨਹੀ ਲਗਾ ਸਕਦਾ।

ਇਹਨਾਂ ਹਾਲਾਤਾਂ ਦੇ ਮੱਦੇ ਨਜਰ ਗੁਰੂ ਸਾਹਿਬ ਨੇ ਸੈਦਪੁਰ ਪਹੁੰਚ ਭਾਈ ਲਾਲੋ ਨੂੰ ਜਾ ਸੁਚੇਤ ਕੀਤਾ:

ਤਿਲੰਗ ਮਹਲਾ ੧ ॥ ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥ ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥

ਸੋ ਸਾਹਿਬ ਫਰਮਾ ਰਹੇ ਨੇ ਕਿ ਕਾਬਲੋਂ ਪਾਪ ਦੀ ਜੰਜ ਚੜ੍ਹ ਆਈ ਹੈ ਤੇ ਜਬਰਦਸਤੀ ਡੋਲੀਆਂ ਲੈ ਕੇ ਜਾ ਰਿਹਾ ਹੈ। ਕਿਉਕਿ ਨਾਂ ਇਥੇ ਸ਼ਰਮ ਰਹੀ ਤੇ ਨਾਂ ਧਰਮ ਰਿਹਾ। ਹਰ ਪਾਸੇ ਝੂਠ ਦਾ ਬੋਲ ਬਾਲਾ ਹੈ। ਲਾਸ਼ਾਂ ਵਿਛੇ ਸ਼ਹਿਰ ਵਿਚ ਮੈਂ ਉਸ ਅਕਾਲ ਪੁਰਖ ਦੀ ਸਿਫਤ ਸਲਾਹ ਕਰਦਾ ਪਿਆ ਵਾਂ। ਜਿਸਦੇ ਹੁਕਮ ਵਿਚ ਹੀ ਇਹ ਸਭ ਕੁਝ ਹੋ ਰਿਹਾ ਵਾ। ਤੁਸੀ ਵੇਖਣਾ ਅੰਤ ਵਿਚ ਉਹਦਾ ਇਨਸਾਫ ਸੱਚਾ ਹੋਵੇਗਾ। ਇਸ ਕਤਲਿਆਮ ਨੂੰ ਹਿੰਦੁਸਤਾਨ ਯਾਦ ਰਖੇਗਾ। ਬਾਕੀ ਇਹਨਾਂ ਦਾ 1578 ਵਿਚ ਆਉਣਾ ਹੈ ਤੇ 1597 ਵਿਚ ਵਾਪਸੀ ਹੈ।"

ਸੋ ਗੁਰੂ ਜੀ ਨੇ ਭਾਈ ਲਾਲੋ ਨੂੰ ਕਿਹਾ ਕਿ ਇਸ ਸ਼ਹਿਰ ਉੱਤੇ ਵੱਡਾ ਭਾਰੀ ਕਸ਼ਟ ਆਉਣ ਸੋ ਤੂੰ ਕੁਝ ਦਿਨਾਂ ਵਾਸਤੇ ਇਸ ਜਗ੍ਹਾ ਤੋਂ ਲਾਂਭੇ ਹੋ ਜਾ। .. ਫਿਰ ਭਾਈ ਲਾਲੋ ਪਿੰਡ ਤਤਲੇਆਣੀ ਚਲਾ ਗਿਆਂ ਸੀ ਜੋ ਕਿ ਐਮਨਾਬਾਦ ਤੋਂ ਪੱਛਮ ਦੀ ਤਰਫ 10 ਮੀਲ ਤੇ ਹੈ। ਇਸ ਪਿੰਡ ਵਿਚ ਵੀ ਭਾਈ ਲਾਲੋ ਦਾ ਗੁਰਦੁਆਰਾ ਹੈ।⊙

ਸਿਰਫ ਲਾਲੋ ਹੀ ਨਹੀ। ■ ਗੁਰੂ ਜੀ ਦਾ ਇਕ ਪਰਮ ਸ਼ਰਧਾਲੂ



1847 ਈ. 'ਚ ਪਠਾਣ ਸਿਪਾਹੀਆਂ ਦੀ ਤਸਵੀਰ। ਕਲਾਕਾਰ ਜੇਮਜ ਰੱਤਰੇ। ਇਹ ਈਸਟ ਇੰਡੀਆ ਕੰ. ਦੀ 2 ਗ੍ਰੇਨੇਡੀਅਰ ਬੰਗਾਲ ਰਜਮੈਂਟ ਦਾ ਲਫਟੈਂਣ ਸੀ। ਤਸਵੀਰ ਉਹਦੀ ਕਿਤਾਬ SCENERY, INHABITENTS & COSTUMES OF AFGHAUNISTAN FROM DRAWINGS MADE ON THE SPOT BY JAMES RATTRAY ESQ. LIEUT. 2ND GRENADIERS, BENGAL ਇਸ ਤੋਂ ਤੁਹਾਨੂੰ ਅੰਦਾਜ਼ਾ ਲਗੇਗਾ ਕਿ ਪੁਰਾਣੇ ਸਮਿਆਂ ਵਿਚ ਅਫਗਾਨੀ ਸਿਪਾਹੀਆਂ ਦਾ ਕਿੰਨਾ ਟੌਹਰ ਹੁੰਦਾ ਸੀ। ਜੁਗਾਂ ਜੁਗਾਂ ਤੋਂ ਲੜਨਾ ਹੀ ਇਸ ਕੌਮ ਦਾ ਕਿੱਤਾ ਰਿਹਾ ਹੈ ਤੇ ਜਿੱਤ ਉਪਰੰਤ ਲੁੱਟਮਾਰ ਇਨਾਂ ਦਾ ਨਿਸ਼ਾਨਾ। ਅੱਜ ਦੇ ਦੌਰ ਵਿਚ ਵੀ ਦੁਨੀਆ ਦੀ ਉਸ ਵੇਲੇ ਦੀ ਸਭ ਤੋਂ ਵੱਡੀ ਤਾਕਤ ਸੋਵੀਅਤ ਰੂਸ ਦਾ ਇਨਾਂ ਅਫਗਾਨਿਸਤਾਨ ਵਿਚ ਜਲੂਸ ਕੱਢ ਕੇ ਰੱਖ ਦਿੱਤਾ ਸੀ। ਹੁਣ ਅਮਰੀਕਾ ਵੀ ਅਫਗਾਨਿਸਤਾਨ ਤੋਂ ਖਹਿੜਾ ਛੁਡਾਉਣ ਦਾ ਕੋਈ ਬਹਾਨਾ ਲੱਭ ਰਿਹਾ ਹੈ। ਪਠਾਣਾਂ ਨੂੰ ਵੱਟੇ ਵੱਟ ਪਾਇਆ ਸੀ ਤਾਂ ਸਿਰਫ ਦਸ਼ਮੇਸ਼ ਪਿਤਾ ਦੀ ਸਾਜੀ ਕੌਮ ਨੇ।

ਬ੍ਰਾਹਮਣ ਪ੍ਰਵਾਰ ਸੀ। ਬ੍ਰਾਹਮਣ ਨੇ ਆਪਣੀ ਧੀ ਦਾ ਵਿਆਹ ਰੱਖਿਆ ਹੋਇਆ ਸੀ। ਲਗਦਾ ਉਸ ਬ੍ਰਾਹਮਣ ਨੇ ਕਿਸੇ ਤਰਾਂ ਗੁਰੂ ਜੀ ਤਕ ਵੀ ਸੁਨੇਹਾ ਭੇਜਿਆ ਸੀ ਕਿ ਉਹ ਵਿਆਹ ਵਿਚ ਹਰ ਹਾਲਤ ਵਿਚ ਪਹੁੰਚਣ। ਗੁਰੂ ਸਾਹਿਬ ਨੇ ਆਉਦਿਆਂ ਹੀ ਦੁਹਾਈ ਦੇ ਦਿਤੀ ਕਿ ਇਸ ਸ਼ਹਿਰ ਤੇ ਹਮਲਾ ਹੋਣ ਵਾਲਾ ਹੈ ਤੇ ਬ੍ਰਾਹਮਣ ਨੂੰ ਉਪਦੇਸ਼ ਦਿਤਾ ਕਿ ਤੁਰੰਤ ਆਪਣੀ ਧੀ ਲੈ ਕੇ ਦੂਸਰੇ ਕਿਸੇ ਥਾਂ ਪਹੁੰਚ ਜਾਏ। ਬ੍ਰਾਹਮਣ ਸਿੱਖ ਕਹਿਣ ਲੱਗਾ ਕਿ ਸਾਹਿਬ ਮੈਂ ਤਾਂ ਸਾਹੇ ਚਿੱਠੀ ਵੀ ਤੋਰ ਚੁੱਕਾ ਹਾਂ। ਜੰਞ ਤਾਂ ਇਥੇ ਸੈਦਪੁਰ ਦਿੱਤੇ ਵਕਤ ਤੇ ਪਹੁੰਚਣੀ ਹੈ। ਗੁਰੂ ਸਾਹਿਬ ਨੇ ਉਨੂੰ ਸਾਰੀ ਗਲ ਸਮਝਾਈ ਕਿ ਜੇ ਆਪਣੇ ਪ੍ਰਵਾਰ ਦਾ ਭਲਾ ਲੋਚਦੇ ਹੋ ਤਾਂ ਤੁਰੰਤ ਇਥੋਂ ਦੌੜ ਜਾਓ।

ਬ੍ਰਾਹਮਣ ਨੇ ਏਸੇ ਹੀ ਤਰਾਂ ਕੀਤਾ। ਵਿਆਹ ਦਾ ਸਾਰਾ ਸਮਾਨ ਗੱਡਿਆਂ ਤੇ ਲੱਦ ਕੇ ਸ਼ਹਿਰ ਤੋਂ ਦੌੜ ਗਇਆ ਤੇ ਨਾਲੇ ਕੁੜਮਾਂ ਨੂੰ ਵੀ ਇਤਲਾਹ ਦੇ ਦਿੱਤੀ ਕਿ ਫਲਾਣੇ ਥਾਂ (ਭਾਵ ਕੁੜੀ ਦੇ ਨਾਨਕੇ) ਜਾ ਰਿਹਾ ਹਾਂ ਜੰਞ ਲੈ ਕੇ ਓਥੇ ਆ ਜਾਇਓ।

ਬਾਦ ਵਿਚ ਫਿਰ ਓਹੋ ਕੁਝ ਹੋਇਆ ਜਿਸ ਦਾ ਡਰ ਸੀ।

-----◈-----

## ਬਾਬਰ ਦਾ ਸੈਦਪੁਰ ਤੇ ਹਮਲਾ ਅਤੇ ਗੁਰੂ ਸਾਹਿਬ ਦੀ ਖੁੱਦ ਦੀ ਗਵਾਹੀ

**ਗੁਰੂ ਜੀ ਨੇ ਬਾਬਰ ਨੂੰ ਤਾਂ ਜਾਬਰ ਕਿਹਾ ਪਰ ਇਥੋਂ ਦੇ ਹੁਕਮਰਾਨਾਂ ਬਾਰੇ ਕਿਹਾ ਕਿ ਇਹ ਏਸੇ ਦੇ ਹੀ ਲਾਇਕ ਸਨ**

ਬਾਬਰ ਦੇ ਹਮਲਿਆਂ ਬਾਬਤ ਗੁਰੂ ਸਾਹਿਬ ਨੇ ਕੁਲ ਚਾਰ ਬਾਣੀਆਂ ਰਚੀਆਂ ਹਨ:-

1. ਤਿਲੰਗ ਰਾਗ। ਅੰਗ 722.ਸਗਗਸ -- " ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ "
2. ਰਾਗ ਆਸਾ। ਅੰਗ 360.ਸਗਗਸ --- " ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥ "
3. ਰਾਗ ਆਸਾ। ਅੰਗ 417.ਸਗਗਸ --- "ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥ "
4. ਰਾਗ ਆਸਾ। ਅੰਗ 417.ਸਗਗਸ ----

ਪੈੜ ਸਫ਼ਾ
■ ਸੋਢੀ -465, ⊙ ਸਾਈਕਲ ਯਾਤਰੀ -573

ਬਾਬਰ ਦੇ ਹਮਲੇ ਨਾਲ ਸਬੰਧਿਤ ਬਾਣੀ ਨੂੰ ਬਾਬਰਵਾਣੀ ਕਹਿਣਾ ਠੀਕ ਨਹੀ। ਕਿਉਕਿ ਸਾਹਿਬ ਨੇ ਬਾਬਰ ਦੀ ਫੌਜ ਲਈ ਬਾਬਰਵਾਣੀ ਲਫਜ਼ ਵਰਤਿਆ ਹੈ। ਫੌਜ ਦੀ ਟੁਕੜੀ ਨੂੰ ਸੰਸਕ੍ਰਿਤ ਵਿਚ ਅਕਸਰ ਵਾਹਿਨੀ ਵੀ ਕਿਹਾ ਜਾਂਦਾ ਹੈ।

"ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥ "

ਇਕ ਵਿਦਵਾਨ✚ ਅਨੁਸਾਰ

ਕ੍ਰਮਾਂਕ 1 ਬਾਣੀ ਸੈਦ ਦੇ ਹਮਲੇ (ਦਸੰਬਰ 1520 ਈ) ਤੋਂ ਪਹਿਲਾਂ ਪਰ ਭੇੜੇ, ਖੁਸ਼ਾਬ ਅਤੇ ਚਿਨੀਓਟ ਦੇ ਹਮਲੇ ਦੇ ਬਾਦ ਰਚੀ ਗਈ।

ਬਾਣੀ ਕ੍ਰਮਾਂਕ 2- ਸੈਦਪੁਰ ਦੇ ਕਤਲਾਮ ਬਾਦ ਲਿਖੀ ਗਈ।


ਬਾਣੀ ਕ੍ਰਮਾਂਕ 3- ਲਹੌਰ ਅਤੇ ਦੀਪਾਲਪੁਰ ਦੇ ਕਤਲਾਮ (1524ਈ.) ਬਾਦ

ਬਾਣੀ ਕ੍ਰਮਾਂਕ 4 -ਪਾਣੀਪਤ ਦੇ ਪਹਿਲੇ ਯੁੱਧ (21 ਅਪਰੈਲ 1521) ਦੇ ਬਾਦ

**ਸੈਦਪੁਰ** -ਬਾਬਰ ਨੇ ਸੈਦਪੁਰ ਦੇ ਪਠਾਣ ਹਾਕਮ ਨੂੰ ਈਨ ਮੰਨਣ ਲਈ ਸੁਨੇਹਾ ਭੇਜਿਆ। ਪਰ ਸੈਦਪੁਰ ਦਾ ਪਠਾਣ ਹਾਕਮ ਆਪਣੀ ਹੀ ਦੁਨੀਆ ਵਿਚ ਰਹਿੰਦਾ ਸੀ। ਜੁੱਧ ਦੀਆਂ ਤਿਆਰੀਆਂ ਬਾਬਤ ਵੀ ਉਹ ਅਵੇਸਲਾ ਸੀ ਤੇ ਨਾਚ ਗਾਣੇ ਦਾ ਸ਼ੌਕੀਨ ਸੀ। ਜਨਮਸਾਖੀ ਵਿਚ ਆਉਦਾ ਹੈ ਕਿ ਇੱਕ ਥਾਂ ਪਠਾਣ ਜਸ਼ਨ ਮਨਾ ਰਹੇ ਸਨ ਤਾਂ ਮਰਦਾਨੇ ਨੇ ਰੋਟੀ ਮੰਗੀ ਤਾਂ ਅੱਗੋ ਪਠਾਣਾ ਨੇ ਧੱਕੇ ਮਾਰੇ।* ਇਸੇ ਪਠਾਣ ਦਾ ਹੀ ਦੀਵਾਨ ਮਲਕ ਭਾਗੋ ਸੀ, ਜਿਸ ਦੀ ਗੁਰੂ ਸਾਹਿਬ ਨੇ ਸ਼੍ਰੇਆਮ ਮੁਖਾਲਫਤ ਕੀਤੀ ਸੀ ਤੇ ਕਿਹਾ ਸੀ ਕਿ ਤੂੰ ਹੰਕਾਰੀ ਅਤੇ ਜਾਲਮ ਏ।

ਜਦੋਂ (ਦਸੰਬਰ 1520) ਬਾਬਰ ਨੇ ਸੈਦਪੁਰ ਤੇ ਹਮਲਾ ਕੀਤਾ ਤਾਂ ਪਠਾਨਾਂ ਨੇ ਉਂਜ ਡੱਟ ਕੇ ਹਮਲਾ ਕੀਤਾ। ਕਿਉਕਿ ਦਿੱਲੀ ਤਖਤ ਨੂੰ ਪਹਿਲਾਂ ਹੀ ਦੌਲਤ ਖਾਂ ਲੋਧੀ ਤੇ ਸ਼ੱਕ ਹੋ ਚੁੱਕਾ ਸੀ। ਬਾਦਸ਼ਾਹ ਸੁਲਤਾਨ ਇਬਰਾਹੀਮ ਨੇ ਲਹੌਰ ਦੇ ਡੀਫੈਂਸ ਲਈ ਬਹਿਰ ਖਾਂ ਮੁਬਾਰਿਕ ਖਾਂ ਦੀ ਜਿੰਮੇਵਾਰੀ ਲਾ ਦਿੱਤੀ ਸੀ। ਦੌਲਤ ਖਾਂ ਲੋਧੀ ਜੋ ਪਹਿਲਾਂ ਹੀ ਦਿੱਲੀ ਤੋਂ ਔਖਾ ਸੀ ਉਹ ਐਨ ਮੌਕੇ ਤੇ ਲਹੌਰ ਤੋਂ ਖਿਸਕ ਗਇਆ। ਇਹ ਵੀ ਸ਼ੱਕ ਹੈ ਕਿ ਲਹੌਰ ਦੇ ਜਿੰਮੇਵਾਰ ਪਠਾਣ ਵੀ ਸੈਦਪੁਰ ਦੀ ਮਦਦ ਤੇ ਆ ਗਏ ਹੋਣਗੇ। ਬਾਬਰ ਨੇ ਸੈਦਪੁਰ ਜਿੱਤ ਤਾਂ ਲਿਆ ਸੀ ਪਰ ਲਗਦਾ ਹੈ ਬਾਬਰ ਨੂੰ ਵੱਡੀ ਕੀਮਤ ਚੁੱਕਾਉਣੀ ਪਈ ਸੀ। ਐਮਨਾਬਾਦ (ਸੈਦਪੁਰ) ਲਹੌਰ ਤੋਂ ਸਾਰਾ 50 ਕਿ. ਮੀ. ਹੀ ਤਾਂ ਹੈ।

ਇਹ ਵੀ ਲੱਗਦਾ ਹੈ ਕਿ ਸੈਦਪੁਰ ਦੀ ਪਰਜਾ ਨੇ ਵੀ ਬਾਬਰ ਖਿਲਾਫ ਪਠਾਣਾਂ ਦਾ ਕਿਸੇ ਤਰਾਂ ਸਾਥ ਦਿੱਤਾ ਹੋਵੇਗਾ। ਬਾਬਰ ਨੇ ਫਿਰ ਜਦੋਂ ਸੈਦ ਪੁਰ ਜਿੱਤ ਲਿਆ ਤਾਂ ਜੋ ਵੀ ਸਾਹਮਣੇ ਆਇਆ ਸਭ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਚਾਰ ਚੁਫੇਰੇ ਲਾਸ਼ਾਂ ਵਿਛਾ ਦਿੱਤੀਆਂ। ਸ਼ਹਿਰ ਨੂੰ ਚੰਗੀ ਤਰਾਂ ਲੁੱਟਿਆ ਤੇ ਕੁੱਟਿਆ। ਜਨਾਨਾ ਜਾਤ ਦੀ ਵੀ ਬਹੁਤ ਬੇਪਤੀ ਹੋਈ। ਹਜਾਰਾਂ ਲੋਕਾਂ ਨੂੰ ਬੰਦੀ ਬਣਾ ਲਿਆ। ਦਰ ਅਸਲ ਜਾਲਮ ਬਾਬਰ ਆਪਣੀ ਇਸ ਕਾਰਵਾਈ ਰਾਂਹੀ ਹੋਰਨਾਂ ਥਾਂਈ ਇਹ ਸੁਨੇਹਾ ਦੇਣਾ ਚਾਹੁੰਦਾ ਸੀ ਕਿ ਮੇਰੇ ਨਾਲ ਪੰਗਾ ਲੈਣ ਦੀ ਕੋਸ਼ਿਸ਼ ਨਾਂ ਕਰੋ ਤੇ ਚੁੱਪ ਚੁੱਪੀਤੇ ਮੇਰੀ ਈਨ ਮੰਨਦੇ ਜਾਓ।



ਸਮਿਆਂ ਸਮਿਆਂ ਦੀ ਗੱਲਾਂ ਨੇ। ਗੁਰੂ ਸਾਹਿਬ ਦੇ ਵੇਲਿਆ 'ਚ ਲੋਕ ਸਾਧੂ ਸੰਤਾਂ ਦਾ ਬੜਾ ਸਤਿਕਾਰ ਕਰਿਆ ਕਰਦੇ ਸਨ। 1520 ਈ. ਦੀ ਗਲ ਹੈ ਜਦੋਂ ਗੁਰੂ ਸਾਹਿਬ ਸੈਦਪੁਰ ਪਹੁੰਚੇ ਸਨ। ਇਕ ਪਠਾਣ ਦੇ ਘਰ ਵਿਆਹ ਸੀ। ਲੋਕ ਨੱਚ ਗਾ ਰਹੇ ਸਨ। ਮਰਦਾਨੇ ਨੇ ਲਾਗੇ ਜਾ ਕੇ ਸਤਿ ਕਰਤਾਰ ਦਾ ਨਾਹਰਾ ਲਾਇਆ। ਭੂਤਰੇ ਹੋਏ ਪਠਾਣਾਂ ਨੂੰ ਬੜਾ ਤਾਅ ਚੜ੍ਹਿਆ ਤੇ ਝੱਟ ਜਾ ਮਰਦਾਨੇ ਨੂੰ ਗਾਲ ਕੱਢੀ ਤੇ ਧੱਕਾ ਮਾਰ ਕੇ ਹੇਠਾਂ ਸੁੱਟ ਦਿੱਤਾ। ਵਿਚਾਰਾ ਮਰਦਾਨਾ ਕੰਨ ਲਵੇਟ ਕੇ ਬਾਬੇ ਕੋਲ ਆ ਗਇਆ ਤੇ ਸਾਰੀ ਗੱਲ ਦੱਸੀ ਕਿ ਕਿਵੇ ਪਠਾਣ ਹੰਕਾਰੇ ਹੋਏ ਨੇ। ਗੁਰੂ ਸਾਹਿਬ ਨੇ ਸਿਧਾਂਤ ਦੱਸਿਆ ਕਿ ਜਦੋਂ ਬੰਦੇ ਦਾ ਮਾੜਾ ਵਕਤ ਆਉਦਾ ਹੈ ਉਹ ਏਸੇ ਤਰਾਂ ਹੀ ਕਰਦਾ ਹੈ।

ਬੀ:40 ਜਨਮ ਸਾਖੀ ਨੇ ਉਹਨਾਂ ਨੱਚਦੇ ਗਾਉਦੇ ਪਠਾਣਾਂ ਦਾ ਚਿੱਤਰਣ ਕੀਤਾ ਹੈ ਤੇ ਉਪਰ ਗੁਰੂ ਸਾਹਿਬ ਮਰਦਾਨੇ ਨਾਲ ਨੇ।

ਕਤਲੇਆਮ ਦੀ ਖਬਰ ਗੁਰੂ ਸਾਹਿਬ ਨੂੰ ਜਦੋਂ ਪੱਖੋਕੇ ਮਿਲੀ ਤਾਂ ਉਹ ਸੈਦਪੁਰ ਨੂੰ ਰਵਾਨਾ ਹੋ ਗਏ। ਗੁਜਰਾਂਵਾਲੇ ਲਾਗੇ ਜਦੋਂ ਪਹੁੰਚੇ ਤਾਂ ਲੋਕਾਂ ਮਨਾਂ ਕੀਤਾ ਕਿ ਮਹਾਤਮਾ ਜੀ ਅੱਗੇ ਨਾਂ ਜਾਓ। ਪਰ ਗੁਰੂ ਜੀ ਚਲਦੇ ਰਹੇ ਤੇ ਓਥੇ ਬਾਬਰ ਦੇ ਫੌਜੀਆਂ ਨੇ ਗੁਰੂ ਸਾਹਿਬ ਤੇ ਮਰਦਾਨੇ ਨੂੰ ਵੀ ਕਾਬੂ ਕਰ ਲਿਆ।

ਸੈਦ ਪੁਰ ਤਬਾਹ ਹੋ ਚੁੱਕਾ ਸੀ। ਜਿਵੇ ਕਿਲੇ ਦੁਆਲਿਓ ਘੇਰਾਬੰਦੀ ਚੁੱਕੀ ਗਈ ਲੋਕ ਕੰਧ ਟੱਪ ਦੌੜ ਰਹੇ ਸਨ। ਬਜਾਰਾਂ ਨੂੰ ਲੁੱਟਣ ਉਪਰੰਤ ਅੱਗਾਂ ਵੀ ਲਾਈਆਂ ਗਈਆਂ ਸਨ।✚ ਲੱਗਦੈ ਹੈ ਸੈਦਪੁਰ ਦੇ ਪਠਾਣਾਂ ਨੇ ਬਾਬਰ ਦੀ ਫੌਜ ਦਾ ਵੀ ਚੰਗਾ ਨੁਕਸਾਨ ਕੀਤਾ ਸੀ। ਤਾਂ ਹੀ ਬਾਬਰਵਾਣੀ ਜਿਆਦਾ ਬੁਖਲਾ ਗਈ

ਸੀ ਤੇ ਕਤਲਾਮ ਤੇ ਉਤਰ ਆਈ ਸੀ।

ਬਾਬਰ ਦਾ ਕੈਂਪ ਸੈਦਪੁਰ ਤੋਂ 2 ਕੁ ਕਿ. ਮੀ. ਜਿੱਥੇ ਅਜਕਲ ਪਿੰਡ ਅਵਾਣ ਹੈ ਓਥੇ ਲੱਗਾ ਹੋਇਆ ਸੀ। ਬਾਬਰ ਜਿੱਤ ਦਾ ਜਸ਼ਨ ਸ਼ਰਾਬ ਪੀ ਕੇ ਮਨਾ ਰਿਹਾ ਸੀ। ਗੁਰੂ ਸਾਹਿਬ ਨੇ ਬਾਬਰ ਨੂੰ ਮਿਲਣ ਲਈ ਕਿਹਾ। ਪਰ ਓਥੇ ਕੌਣ ਸੁਣਦਾ ਹੈ। ਬਾਬਾ ਜੀ ਨੂੰ ਵੀ ਕੈਦ ਕਰ ਲਿਆ। ਖੈਰ ਜਦੋਂ ਮਰਦਾਨੇ ਨੇ ਪਹਿਰੇਦਾਰਾਂ ਨੂੰ ਦੱਸਿਆ ਕਿ ਬਾਬਰ ਗੁਰੂ ਸਾਹਿਬ ਦਾ ਮੁਰੀਦ ਹੈ ਤਾਂ ਉਨਾਂ ਗੁਰੂ ਸਾਹਿਬ ਕੋਲੋਂ ਕੋਈ ਵਗਾਰ ਨਾਂ ਲਈ।○

ਅਗਲੇ ਸਵੇਰੇ ਫਿਰ ਗੁਰੂ ਸਾਹਿਬ ਦਾ ਬਾਬਰ ਨਾਲ ਮੇਲ ਕਰਾਇਆ ਗਿਆ। ਇਹਦੇ ਪਿੱਛੇ ਵਿਚ ਗੁਰੂ ਸਾਹਿਬ ਦੀ ਆਪਣੀ ਵਾਕਫੀਅਤ ਸੀ ਜਿਹੜਾ ਸਾਹਿਬ ਅਜੇ ਕੁਝ ਹੀ ਸਮਾਂ ਬਾਬਰ ਨੂੰ ਕਾਬੁਲ ਮਿਲੇ ਸਨ। ਗੁਰੂ ਸਾਹਿਬ ਨੇ ਬਾਬਰ ਅੱਗੇ ਗਿਲਾ ਕੀਤਾ ਕਿ ਜਦੋਂ ਤੈਨੂੰ ਦੱਸਿਆ ਕਿ ਤੂੰ ਹਿੰਦੁਸਤਾਨ ਦਾ ਬਾਦਸ਼ਾਹ ਬਣੇਗਾ ਫਿਰ ਵੀ ਨਿਰਦੋਸ਼ ਜਨਤਾ ਤੇ ਜੁਲਮ ਕਿਓ ਕਰਦੈ ਹੈ? ਗੁਰੂ ਸਾਹਿਬ ਨੇ ਬਾਬਰ ਨੂੰ ਉਪਦੇਸ਼ ਦਿੱਤਾ ਕਿ ਸਾਰੇ ਕੈਦੀ ਰਿਹਾ ਕਰ ਦੇ ਏਸੇ ਵਿਚ ਖੁਦਾ ਦੀ ਖੁੱਸ਼ੀ ਹੈ।

ਬਾਬਰ ਨੇ ਜਿੰਨੇ ਗੈਰ-ਫੌਜੀ ਕੈਦੀ ਸਨ ਸਭ ਨੂੰ ਰਿਹਾ ਕਰ ਦਿੱਤਾ। ਗੁਰੂ ਸਾਹਿਬ ਨੇ ਬਾਬਰ ਨੂੰ ਸਮਝਾਇਆ ਕਿ ਫੜੇ ਗਏ ਪਠਾਣ ਫੌਜੀਆਂ ਤੇ ਵੀ ਤਸ਼ੱਦਦ ਨਾਂ ਹੋਵੇ। ਉਹ ਕਲ੍ਹ ਪਠਾਣ ਰਾਜੇ ਦੇ ਨੌਕਰ ਸਨ ਅੱਜ ਤੋਂ ਤੇਰੇ ਹੋ ਗਏ। ਉਹ ਤਾਂ ਵਿਚਾਰੇ ਤਨਖਾਹ ਬਦਲੇ ਕੰਮ ਕਰਦੇ ਨੇ। ਸਗੋਂ ਵਕਤ ਪਾ ਕੇ ਉਨਾਂ ਨੂੰ ਆਪਣੀ ਫੌਜ ਵਿਚ ਸ਼ਾਮਲ ਕਰ।

ਇਸ ਕਤਲੇਆਮ ਬਾਦ ਗੁਰੂ ਸਾਹਿਬ ਨੇ ਫਿਰ ਬਾਣੀ ਆਖੀ:-

ਆਸਾ ਮਹਲਾ ੧ ॥ ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥ ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥ ਕਰਤਾ ਤੂੰ ਸਭਨਾ ਕਾ ਸੋਈ ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ ਰਤਨ ਵਿਗਾੜਿ ਵਿਗੋਏ ਕੁਤੰੀ ਮੁਇਆ ਸਾਰ ਨ ਕਾਈ ॥ ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥੨॥ ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥ ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥੩॥੫॥੩੯॥

ਗੁਰੂ ਸਾਹਿਬ ਨਿਰੰਕਾਰ ਨੂੰ ਉਲਾਹਮਾ ਦਿੰਦੇ ਨੇ ਕਿ ਤੈਨੂੰ ਲੋਕਾਈ ਤੇ ਤਰਸ ਕਿਉ ਨਾਂ ਆਇਆ? ਸਾਹਿਬ ਨੇ ਤਾਨਾ ਦਿੱਤਾ ਕਿ ਕਰਨ ਕਰਾਉਣ ਵਾਲਾ ਤਾਂ ਤੂੰ ਆਪ ਹੈਂ ਬਹਾਨਾ ਬਾਬਰ ਦਾ ਬਣਾਇਆ ਈ। ਨਾਲ ਹੀ ਕਿਹਾ ਕਿ ਸਾਨੂੰ ਸੈਦਪੁਰ ਦੇ ਲੋਧੀ ਦਾ ਅਫਸੋਸ ਨਹੀ ਕਿਉਕਿ ਜੁਲਮ ਨੂੰ ਜੁਲਮ ਹੀ ਵੱਢਦਾ ਹੈ। ਪਰ ਗਰੀਬ ਆਮ ਜਨਤਾ ਦਾ ਕੀ ਦੋਸ਼? ਫਿਰ ਸਾਹਿਬ ਆਪ ਹੀ ਪਠਾਣ ਰਾਜੇ ਬਾਰੇ ਇਸ਼ਾਰਾ ਦਿੰਦੇ ਨੇ ਕਿ ਭਾਵੇ ਹੰਕਾਰ ਵਿਚ ਕੋਈ ਕਿੰਨਾ ਵੀ ਵੱਡਾ ਬਣਿਆ ਫਿਰਦਾ ਹੋਵੇ ਮਾਲਕ ਦੀ ਨਿਗਾਹ ਵਿਚ ਉਹ ਕੀੜੇ ਮਕੌੜੇ ਤੋਂ ਵੱਧ ਨਹੀ।

-----◈-----

## ਲਹੌਰ ਤੇ ਦੀਪਾਲਪੁਰ ਦੇ ਕਤਲਾਮ ਉਪਰੰਤ

ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩ ੴ ਸਤਿਗੁਰ ਪ੍ਰਸਾਦਿ ॥
ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥ ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥ ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥੧॥ ਆਦੇਸੁ ਬਾਬਾ ਆਦੇਸੁ ॥ ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥੧॥ ਰਹਾਉ ॥ ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥ ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥ ਇਕੁ ਲਖੁ ਲਹਨ੍ਹਿ ਬਹਿਠੀਆ ਲਖੁ ਲਹਨ੍ਹਿ ਖੜੀਆ ॥ ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ ॥ ਤਿਨ੍ਹ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ ॥੩॥ ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥ ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥੪॥ ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥ ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥ ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥੬॥ ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥ ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥੭॥੧੧॥

ਜੰਗ ਤੋਂ ਬਾਦ ਦਾ ਦਰਦਨਾਕ ਦ੍ਰਿਸ਼ ਗੁਰੂ ਸਾਹਿਬ ਸ਼ਾਇਦ ਲਾਲੋ ਨੂੰ ਹੀ ਸੰਬੋਧਨ ਕਰਕੇ ਚਿਤ੍ਰਦੇ ਨੇ। ਨਿਰੰਕਾਰ ਦੇ ਦੀਵਾਨੇ ਗੁਰੂ ਸਾਹਿਬ ਨੇ ਤਾਨਾ ਵੀ ਕੱਸਿਆ ਕਿ ਲੋਕਾਂ ਨੇ ਰੱਬ ਨੂੰ ਭੁਲਾਇਆ ਹੋਇਆ ਸੀ।(ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥ ) ਔਰਤ ਜਾਤ ਦੀ ਕੀ ਹਾਲਤ ਸੀ ਉਹ ਵੀ ਇਸ ਵਾਕ ਤੋਂ ਸਾਫ ਹੋ ਜਾਂਦਾ ਹੈ: 'ਧਨੁ ਜੋਬਨੁ ਦੁਇ ਵੈਰੀ ਹੋਏ ਜਿਨਹੀ ਰੱਖੇ ਰੰਗੁ ਲਾਇ ॥ ' ਓਹੋ ਜਵਾਨੀ ਤੇ ਸੁੰਦਰਤਾ ਅੱਜ ਵੈਰੀ ਹੋ ਗਈ ਜਿਨੂੰ ਇਨਾਂ ਬਣਾਇਆ ਸਵਾਰਿਆ ਜਾਂਦਾ ਸੀ। ਰੋਜ ਰੋਜ ਦੀ ਖਰਮਸਤੀ ਵਿਚ ਹੁਕਮਰਾਨਾਂ ਨੂੰ ਬਿਲਕੁਲ ਹੋਸ਼ ਨਹੀ ਸੀ ਕਿ ਇੱਕ ਦਿਨ ਸਭ ਕੁਝ ਛੱਡਣਾ ਪੈਣਾ ਹੈ: "ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ "

-----◈-----

## ਪਾਣੀਪਤ ਦੇ ਯੁੱਧ ਮਗਰੋਂ

ਬਾਬਰ ਦੇ ਦਿੱਲੀ ਤਖਤ ਤੇ ਬਹਿ ਜਾਣ ਮਗਰੋ ਫਰਮਾਉਦੇ ਹਨ:-

ਆਸਾ ਮਹਲਾ ੧ ॥ ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥ ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥ ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥੧॥ ਇਹੁ ਜਗੁ ਤੇਰਾ ਤੂ ਗੋਸਾਈ ॥ ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥੧॥ ਰਹਾਉ ॥ ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥ ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥ ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨॥ ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥ ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥ ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥ ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥ ਜਿਨ੍ਹ ਕੀ ਚੀਰੀ ਦਰਗਹ ਪਾਟੀ ਤਿਨ੍ਹਾ ਮਰਣਾ ਭਾਈ ॥੫॥ ਇੱਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥ ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ ॥ ਜਿਨ੍ਹ ਕੇ ਬੰਕੇ ਘਰੀ ਨ ਆਇਆ ਤਿਨ੍ਹ ਕਿਉ ਰੈਣਿ ਵਿਹਾਣੀ ॥੬॥ ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥ ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥ ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥੭॥੧੨॥

ਗੁਰੂ ਸਾਹਿਬ ਦਾ ਕਹਿਣਾ ਹੈ ਕਿ ਸਭ ਨਿਰੰਕਾਰ ਦੇ ਹੁਕਮ ਵਿਚ ਹੋਇਆ ਹੈ। ਜਿੰਨਾਂ ਨੂੰ ਉਸਨੇ ਖੁਆਰ ਕਰਨਾਂ ਹੁੰਦਾ ਹੈ ਉਨਾਂ ਕੋਲੋਂ ਚੰਗਿਆਈ ਖੋਹ ਲੈਂਦਾ ਹੈ। ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥ ਕਿਉਕਿ ਇਹ ਗੱਲ ਤਾਂ ਚਿੱਟੇ ਦਿਨ ਦੀ ਤਰਾਂ ਸਾਫ ਸੀ ਕਿ ਬਾਬਰ ਨੇ ਹਮਲਾ ਕਰਨਾਂ ਹੀ ਕਰਨਾਂ ਹੈ।

ਉਹ ਤਾਂ ਮਜਬੂਰੀ ਵਸ ਕਾਬੁਲ ਪਰਤ ਗਇਆ ਸੀ। ਹਮਲੇ ਨੂੰ ਟਾਲਣ ਵਾਸਤੇ ਇਥੋਂ ਦੇ ਹੁਕਮਰਾਨ ਨਜੂਮੀਆਂ ਰੌਲਾਂ ਤੇ ਜੋਤਸ਼ੀਆਂ ਕੋਲੋਂ ਉਪਾਅ ਕਰਵਾ ਰਹੇ ਸਨ ਪਰ ਕੋਈ ਕੰਮ ਨਾਂ ਆਏ ਇਹ ਉਪਾਅ: " **ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥** "

ਮੁੱਕਦੀ ਗਲ ਇਹ ਹੈ ਕਿ ਬਾਬਰ ਦੇ ਹਮਲੇ ਮੌਕੇ ਜਿਹੜੀ ਵੱਢ ਟੁੱਕ ਕੀਤੀ ਸੀ ਉਸਤੇ ਗੁਰੂ ਸਾਹਿਬ ਸਖਤ ਖਿਲਾਫ ਹਨ। ਦੂਸਰਾ ਪੰਜਾਬ ਅਤੇ ਹਿੰਦੁਸਤਾਨ ਦੇ ਪਹਿਲੇ ਹੁਕਮ (ਲੋਧੀ ਆਦਿ) ਨੂੰ ਉਹ ਐਸ਼ ਪ੍ਰਸਤ ਗਿਣਦੇ ਹਨ। ਸਾਹਿਬ ਦਾ ਮੰਨਣਾ ਹੈ ਕਿ ਇਹੋ ਜਿਹੀਆਂ ਨੂੰ ਸਜਾ ਤਾਂ ਮਿਲਣੀ ਹੀ ਸੀ। ਬਾਕੀ ਸਾਹਿਬ ਦਾ ਇਹ ਵੀ ਮੰਨਣਾ ਹੈ ਕਿ ਜਿਹੜੇ ਨਾਗਰਿਕਾਂ ਨੂੰ ਸਜਾ ਮਿਲੀ ਹੈ ਇਹਨਾਂ ਨੇ ਵੀ ਰੱਬ ਭੁਲਾਇਆ ਹੋਇਆ ਸੀ, " ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ "

## ਸੈਦਪੁਰ ਵਿਚ ਚੱਕੀ ਪੀਹਣ ਵਾਲੀ ਸਾਖੀ ਦੀ ਸਚਾਈ

ਜਿਵੇਂ ਕਿ ਅਸੀ ਪਿਛਲੇ ਅਧਿਆਇ ਵਿਚ ਸਾਬਤ ਕੀਤਾ ਹੈ ਕਿ ਚੱਕੀ ਪੀਹਣ ਵਾਲੀ ਸਾਖੀ ਕਾਬੁਲ ਵਿਖੇ ਵਾਪਰੀ ਸੀ। ਪਰ ਵਕਤ ਪਾ ਕੇ, ਸੈਦਪੁਰ ਕਤਲਾਮ ਹੋਣ ਕਾਰਨ ਅਤੇ ਬਾਬਰਬਾਣੀ ਲਿਖੇ ਜਾਣ ਕਾਰਨ ਸੰਗਤਾਂ ਨੇ ਚੱਕੀ ਵਾਲੀ ਗਲ ਵੀ ਸੈਦ ਪੁਰ ਨਾਲ ਜੋੜ ਦਿੱਤੀ।

ਸੈਦਪੁਰ ਵਿਚ ਡੇਢ ਸਦੀ ਪਹਿਲਾਂ ਤਕ ਹੇਠਲੇ ਸਥਾਨ ਗੁਰੂ ਘਰ ਨਾਲ ਸਬੰਧ ਰੱਖਦੇ ਸਨ:

1. ਰੋੜੀ ਸਾਹਿਬ, ਸ਼ਹਿਰ ਦੇ ਪਹਾੜ ਪਾਸੇ, ਗੁਜਰਾਂਵਾਲਾ ਵਾਲੀ ਸੜਕ ਤੇ। - ਇਥੇ ਗੁਰੂ ਸਾਹਿਬ ਅਕਾਲ ਪੁਰਖ ਦੀ ਅਰਾਧਨਾ ਕਰਿਆ ਕਰਦੇ ਸਨ।

2. ਭਾਈ ਲਾਲੋ ਦਾ ਘਰ। ਜਿਥੇ ਭਾਈ ਲਾਲੋ ਦੇ ਘਰ ਦੀ ਖੂਹੀ ਅੱਜ ਵੀ ਮੌਜੂਦ ਹੈ। - ਪਹਿਲਾਂ ਇਸ ਦਾ ਨਾਂ ਕੋਠੜੀ ਸਾਹਿਬ ਹੁੰਦਾ ਸੀ ਅੱਜ ਭਾਈ ਲਾਲੋ ਦੀ ਖੂਹੀ ਹੋ ਚੁੱਕਾ ਹੈ।

3. ਉਦਾਸੀ ਡੇਰਾ। ਧਰਮਸ਼ਾਲਾ ਸੰਗਲਾਵਾਲੀ ਜਾਂ ਕੁੰਡੇਵਾਲੀ। ਅੰਦਰੂਨ ਦਰਵਾਜਾ ਘੜਿਆਲੀ। ਜਿਸ ਨੂੰ ਸੰਮਤ 1971 (1914 ਈ.) ਮਹੰਤ ਸਰਨ ਦਾਸ ਚੱਕੀ ਸਾਹਿਬ ਗੁਰਦੁਆਰੇ ਦਾ ਨਾਂ ਦੇ ਦਿਤਾ ਕਿਉਕਿ ਇਮਾਰਤ ਦੀ ਨੀਂਹ ਪੁੱਟਣ ਮੌਕੇ ਹੇਠੋ ਚੱਕੀ ਨਿਕਲ ਆਈ ਸੀ। ਧਿਆਨ ਰਹੇ ਡੇਰੇਦਾਰ ਲੋਕ ਕਿਸੇ ਸਥਾਨ ਨੂੰ ਇਤਹਾਸਿਕ ਬਣਾਉਣ ਵੇਲੇ ਕੋਈ ਡਰ ਖੌਅ ਨਹੀ ਰੱਖਦੇ। ਇਹਨਾਂ ਲੋਕਾਂ ਦਾ ਸੋਚਣਾ ਹੁੰਦਾ ਹੈ ਕਿ ਹਰ ਉਹ ਕੰਮ ਜਿਸ ਕਰਕੇ ਲੋਕ ਨਾਮ ਨਾਲ ਜੁੜਨ ਉਹ ਪਵਿਤ੍ਰ ਹੀ ਹੈ। ਪੁਰਾਣੇ ਰਹਾਇਸ਼ੀ ਇਲਾਕਿਆਂ ਦੀ ਖੁਦਾਈ ਮੌਕੇ ਚੱਕੀਆਂ ਅਕਸਰ ਨਿਕਲ ਆਉਦੀਆਂ ਹਨ।



ਗੁਰਦੁਆਰਾ ਚੱਕੀ ਸਾਹਿਬ । 1914 ਵਿਚ ਬਣੀ ਇਮਾਰਤ ਦੀਆਂ ਤਸਵੀਰਾਂ। ਖੱਬੇ 2016 ਵਿਚ ਅਤੇ ਸੱਜੇ 1932 ਵਿਚ। ਧਿਆਨ ਵੇਖੋ ਇਮਾਰਤ ਓਹੋ ਹੀ ਹੈ। ਇੱਟ ਵੀ ਮੌਜੂਦਾ ਭਾਵ ਵੱਡੀ ਲੱਗੀ ਹੈ।

ਸੋ ਚੱਕੀ ਵਾਲੀ ਗਲ ਸੈਦਪੁਰ ਵਿਚ ਬਾਦ ਵਿਚ ਆਈ ਹੈ। ਬਾਬਰ ਦੇ ਖਾਨਦਾਨ ਨੂੰ ਬਾਦਸ਼ਾਹੀਆ ਕਾਬੁਲ ਵਿਖੇ ਬਖਸ਼ੀਆਂ ਸਨ।

▲

ਪੈਰ ਸਫ਼ਾ

✚ ਤ੍ਰਿਲੋਚਣ ਸਿੰਘ, *ਮਨੀ ਸਿੰਘ -418

○ ਅਸੀ ਪਿੱਛਲੇ ਬਾਬ ਵਿਚ ਇਹ ਗੱਲ ਸਾਬਤ ਕਰ ਚੁੱਕੇ ਹਾਂ ਕਿ ਜਿਹੜੀ ਬਾਬੇ ਕੋਲੋ ਚੱਕੀ ਪਿਸਾਉਣ ਵਾਲੀ ਗੱਲ ਹੈ ਉਹ ਕਾਬਲ ਹੋਈ ਸੀ। (ਮਹਿਮਾ ਪ੍ਰਕਾਸ਼ 42- ਅਨੁਸਾਰ ਗੁਰੂ ਸਾਹਿਬ ਤੇ ਬਾਬਰ ਦਾ ਮੇਲ ਕਾਬੁਲ ਵਿਖੇ ਹੀ ਹੁੰਦਾ ਹੈ।) ਕਾਬਲ ਵਿਚ ਉਹ ਪਵਿਤ੍ਰ ਚੱਕੀ ਵੀ ਸਾਂਭੀ ਪਈ ਸੀ। ਏਮਨਾਬਾਦ ਵਾਲੀ ਚੱਕੀ (ਜਿਸ ਨੂੰ ਕੋਈ ਜੋਗਿੰਦਰ ਸਿੰਘ ਕੰਗ ਨਾਂ ਬੰਦਾ ਇੰਗਲੈਂਡ ਲੈ ਗਇਆ ਹੈ) ਉਸ ਚੱਕੀ ਬਾਰੇ ਸਾਈਕਲ ਯਾਤਰੀ ਨੇ ਇਹ ਲਿਖਿਆ ਹੈ:

"ਚੱਕੀ ਸਾਹਿਬ ਗੁਰਦੁਆਰੇ ਵਾਲੀ ਜਗ੍ਹਾਂ ਪਹਿਲੇ ਧਰਮਸ਼ਾਲਾ ਸੰਗਲਾਵਾਲੀ ਜਾਂ ਕੁੰਡੇਵਾਲੀ ਦੇ ਨਾਮ ਪੁਰ ਮਛਾਹੂਰ ਸੀ ਤੇ ਮਹੰਤ ਸਰਨ ਦਾਸ ਉਦਾਸੀ ਸੀ। ਇਹ ਧਰਮਸਾਲਾ ਪਹਿਲਾਂ ਕੱਚੀ ਹੁੰਦੀ ਸੀ। ਜਦ ਕੱਚੀ ਧਰਮਸਾਲਾ ਨੂੰ ਢਾਹ ਕੇ ਪੱਕੀ ਪਾਉਣ ਲੱਗੇ ਤਾਂ ਜਿਸ ਵਕਤ ਨਵੀਆਂ ਨੀਹਾਂ ਪੁੱਟਣ ਲੱਗੇ ਤਾਂ ਜ਼ਮੀਨ ਦੇ ਵਿਚੋਂ ਇੱਕ ਚੱਕੀ ਨਿਕਲ ਆਈ ਆਟਾ ਪੀਹਣੇ ਦੀ ਤਾਂ ਫਿਰ ਮਹੰਤ ਸਰਨ ਦਾਸ ਜੀ ਨੇ ਧਰਮਸਾਲਾ ਤੋਂ ਗੁਰਦਵਾਰਾ ਚੱਕੀ ਸਾਹਿਬ ਜੀ ਗੁਰੂ ਨਾਨਕ ਦੇਵ ਜੀ ਨਾਮ ਰੱਖ ਦਿਤਾ ਸੀ ਤੇ ਫਿਰ ਗੁਰਦਵਾਰਾ ਪੱਕਾ ਪਾ ਦਿੱਤਾ ਸੀ।

ਇਕ ਕੰਧ ਦੇ ਉਤੇ ਪੱਥਰ ਲੱਗਾ ਹੋਇਆ ਹੈ ਜਿ ਦੇ ਉਤੇ ਇਹ ਲਿਖਿਆ ਹੈ ਕਿ ਇਹ ਗੁਰਦੁਆਰਾ ਚੱਕੀ ਸਾਹਿਬ ਜੀ ਮਹੰਤ ਸਰਨ ਦਾਸ ਨੇ ਸੰਮਤ ਨਾਨਕਸ਼ਾਹੀ 445 ਤੇ ਸੰਮਤ ਬਿਕਰਮੀ 1971 ਤੇ ਮਹੀਨਾ ਫੱਗਣ 15 ਨੂੰ ਪੱਕਾ ਬਣਵਾਇਆ ਸੀ।" -(ਸਫਾ 576.)

ਸੋਢੀ - 463-6, ਬਾਲਾ-102,279, ਮਨੀ ਸਿੰਘ-434, 418-424, ਜਵਾਹਰ-313, 61, ਸੂਰਜ- 445, ਬੀ 40-77, ਕਿਰਪਾਲ-138

ਸਾਈਕਲ ਯਾਤਰੀ -574 ਨੇ ਆਪਣੀ ਏਮਨਾਬਾਦ ਫੇਰੀ (3 ਅਕਤੂਬਰ 1932) ਬਾਬਤ ਕੁਝ ਇਸ ਪ੍ਰਕਾਰ ਲਿਖਿਆ ਹੈ:-

"ਸ਼ੈਹਰ ਐਮਨਾਬਾਦ ਦੇ ਵਿੱਚ ਜੋ ਭਾਈ ਲਾਲੋ ਦਾ ਘਰ ਹੈ ਜਾਂ ਜਿਸ ਜਗ੍ਹਾ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ ਉਸ ਜਗ੍ਹਾ ਇੱਕ ਉਸੀ ਵਕਤਾਂ ਦੀ ਖੂਹੀ ਹੈ । ਜਿਸ ਦਾ ਜਲ ਛੱਕਣ ਨਾਲ ਤੇਈਆਂ ਤਾਪ ਹੱਟ ਜਾਂਦਾ ਹੈ ਤੇ ਉਹੀ ਕੋਠੜੀ ਅੱਜ ਤੱਕ ਭਾਈ ਲਾਲੋ ਦੀ ਹੈ ਜਿਸ ਵਿਚ ਗੁਰੂ ਜੀ ਰਿਹਾ ਕਰਦੇ ਸਨ। ਇਹ ਕੋਠੜੀ ਅੱਜ ਕੱਲ੍ਹ ਦੇ ਮਕਾਨਾਂ ਨਾਲੋਂ ਬਹੁਤ ਨੀਵੀਂ ਹੈ। ਇਸੀ ਕੋਠੜੀ ਦੇ ਉਤੇ ਮਕਾਨ ਬਣਾ ਕੇ ਛੋਟਾ ਜਿਹਾ ਗੁਰਦਵਾਰਾ ਬਣਾਇਆ ਹੋਇਆ ਹੈ। ਇਸ ਗੁਰਦੁਆਰੇ ਵਿਚ ਇੱਕ ਪਿੱਪਲ ਦਾ ਦਰੱਖਤ ਖੜ੍ਹਾ ਹੈ। ਗੁਰਦੁਆਰਾ ਨਵਾ ਪਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ। "-ਸਫਾ 574

ਬਾਬ-52ੳ

# ਜੋਗੀਆਂ ਦਾ ਜੋਗੀ, ਗਇਆ ਟਿੱਲਾ ਜੋਗੀਆਂ

## ਦੱਖਣ ਪੂਰਬੀ ਪੋਠੋਹਾਰ ਵਿਖੇ ਬਾਬਾ

**ਫਰਵਰੀ 1521**- ਵੱਡੇ ਪੰਜਾਬ ਵਿਚ ਗੁਰੂ ਸਾਹਿਬ ਦੇ ਚਰਨ ਛੋਹ ਸਥਾਨਾਂ ਦਾ ਨਕਸ਼ਾ ਜਦੋਂ ਆਪਾਂ ਵੇਖਦੇ ਹਾਂ ਤਾਂ ਦੱਖਣ ਪੂਰਬੀ ਪੋਠੋਹਾਰ ਵਿਖੇ ਬਿੰਦੂਆਂ ਦਾ ਝੁਰਮਟ ਜਿਹਾ ਨਜਰ ਆਉਂਦਾ ਹੈ ਜੋ ਇਹ ਦੱਸਦਾ ਹੈ ਕਿ ਮੀਰਪੁਰ ਜਿਹਲਮ ਦੇ ਇਲਾਕੇ ਤੇ ਗੁਰੂ ਸਾਹਿਬ ਖਾਸ ਮਿਹਰਬਾਨ ਸਨ।




ਹੀ ਦੋਵੇ ਮਹਾਂਪੁਰਖ ਫਿਰ ਬੱਦੋਕੀ ਆਏ ਸਨ। ਜਿੱਥੇ ਗੁਰੂ ਸਾਹਿਬ ਅਤੇ ਗੁਸਾਈ ਬੈਠੇ ਸਨ ਓਥੇ ਬਕਾਇਦਾ ਪਿੱਪਲ ਦੇ ਰੁੱਖ ਥੱਲੇ ਕੱਚਾ ਮੰਜੀ ਸਾਹਿਬ (ਥੜਾ) ਬਣਿਆ ਹੋਇਆ ਸੀ। ਇਹ ਥਾਂ ਸ਼ਹਿਰ ਦੇ ਦੱਖਣ ਵਿੱਚ ਇੱਕ ਫਰਲਾਂਗ ਤੇ ਸੀ। 1925 ਈ. ਵਿੱਚ ਸ਼ਹਿਰ ਵਿੱਚ ਪਈ ਸੇਮ ਕਰਕੇ ਪਿੱਪਲ ਅਤੇ ਮੰਜੀ ਸਾਹਿਬ ਦੋਵੇ ਗਰਕ ਗਏ।

ਪੋਠੋਹਾਰ ਤੋਂ ਹੀ ਪਣਪੀ ਸਿੱਖੀ, ਪੰਥ ਦੀ ਰੀੜ ਦੀ ਹੱਡੀ ਬਣੀ ਹੈ।

ਇਤਹਾਸ ਵਿਚ ਆਉਂਦਾ ਹੈ ਕਿ ਗੁਰੂ ਸਾਹਿਬ ਸੈਦਪੁਰ ਬਾਬਰ ਦੇ ਹਮਲੇ ਤੋਂ ਤੁਰੰਤ ਬਾਦ ਟਿੱਲਾ ਜੋਗੀਆਂ ਵਲ ਰਵਾਨਾ ਹੋਏ ਸਨ।*

**ਗੁਜਰਾਂਵਾਲਾ**- ਸੈਦਪੁਰ ਤੋਂ ਚਲ ਲਗਪਗ 20 ਕਿ. ਮੀ ਪਹਾੜ ਪਾਸੇ ਸਾਹਿਬ ਉਸ ਇਲਾਕੇ ਵਿਚ ਪਹੁੰਚੇ ਜਿਥੇ ਅੱਜ ਕਲ੍ਹ ਗੁਜਰਾਂਵਾਲਾ ਸ਼ਹਿਰ ਹੈ। ਇਥੋਂ ਨਾਲ ਹੀ ਪੱਛਮ ਪਾਸੇ ਇੱਕ ਬਸਤੀ ਦੇ ਲਾਗੇ ਹੀ ਗੁਰੂ ਸਾਹਿਬ ਨੇ ਡੇਰਾ ਕੀਤਾ ਸੀ। ਉਦੋਂ ਇਥੇ ਦੂਸਰੇ ਨਾਂ ਦਾ ਪਿੰਡ ਹੋਵੇਗਾ। ਹਾਲਾਂ ਇਲਾਕਾ ਜਿਆਦਾ ਜੰਗਲ ਹੀ ਸੀ। ਵੰਡ ਤੋਂ ਪਹਿਲਾਂ ਇਥੇ ਯਾਦਗਾਰੀ ਗੁਰਦੁਆਰਾ ਸਾਹਿਬ 1924 ਵਿੱਚ ਬਣਿਆ ਸੀ। ਇਥੇ ਸਿੱਖਾਂ ਨੇ ਵੱਡਾ ਯਤੀਮਖਾਨਾ ਵੀ ਬਣਾ ਰੱਖਿਆ ਸੀ ਜਿਸ ਵਿੱਚ ਤਰਾਂ ਤਰਾਂ ਦੀ ਸਿਖਿਆ ਸਿਖਲਾਈ ਦਿੱਤੀ ਜਾਂਦੀ ਸੀ। ਪਾਕਿਸਤਾਨ ਬਣਨ ਉਪਰੰਤ ਲਗਦਾ ਹੈ ਇਹ ਸਥਾਨ ਅਲੋਪ ਹੋ ਚੁੱਕਾ ਹੈ।✚




ਗੁਰਦੁਆਰਾ ਪਾਤਸ਼ਾਹੀ ਪਹਿਲੀ, ਯਤੀਮ-ਖਾਨਾ, ਗੁਜਰਾਂਵਾਲਾ (ਸਾਈਕਲ ਯਾਤਰੀ)

**ਬੱਦੋ ਕੀ ਗੁਸਾਈਆਂ ਵਿਖੇ**- ਇਹ ਪਿੰਡ ਗੁਜਰਾਂਵਾਲੇ ਤੋਂ 12 ਕਿ. ਮੀ. ਉੱਤਰ ਵਿੱਚ ਹੈ। ਗੁਰੂ ਸਾਹਿਬ ਦੇ ਵੇਲੇ ਇਥੇ ਇੱਕ ਪ੍ਰਸਿੱਧ ਮਹਾਤਮਾ ਗੁਸਾਈਂ ਸਾਈ ਦਾਸ ਹੋਏ ਨੇ। ਗੁਰੂ ਸਾਹਿਬ ਨੇ ਉਹਦੇ ਟਿਕਾਣੇ ਪਹੁੰਚ ਉਨੂੰ ਇੱਕ ਨਿਰੰਕਾਰ ਦੇ ਸਤਿਨਾਮ ਦਾ ਗਿਆਨ ਦਿੱਤਾ। ਗੁਸਾਈ ਜੀ ਦਾ ਮੰਦਰ ਅੱਜ ਵੀ ਮੌਜੂਦ ਹੈ। ਸਾਈ ਦਾਸ ਦਾ ਜਨਮ 1468 ਈ. ਦਾ ਦਸੀਦਾ ਹੈ। ਇਹ ਮੰਦਰ ਤੂਮੜੀ ਸਾਹਿਬ ਕਹਾਉਂਦਾ ਹੈ।✚

ਦੂਸਰੇ ਪਾਸੇ ਕਸਬਾ ਸੰਬੜਿਆਲ ਵਿੱਚ ਮਾਨਤਾ ਹੈ ਕਿ ਗੁਰੂ ਸਾਹਿਬ ਅਤੇ ਗੁਸਾਈ ਦਾ ਮੇਲ ਪਿੰਡ ਸੰਬੜਿਆਲ ਵਿਖੇ ਹੋਇਆ ਸੀ। ਇਥੋਂ

ਤੂੰਬੜੀ ਸਾਹਿਬ, ਬੱਦੋ ਕੀਆਂ ਗੁਸਾਈ



ਦੋ ਚਾਰ ਦਿਨਾਂ ਦੇ ਸਫਰ ਦੇ ਬਾਦ ਹੀ ਗੁਰੂ ਸਾਹਿਬ ਪਿੰਡ ਜੈਸੁਖ ਵਾਲਾ ਜਿਹਨੂੰ ਅੱਜ ਸਿਰਫ ਜੈਸਕ ਹੀ ਕਹਿ ਦਿੱਤਾ ਜਾਂਦਾ ਹੈ ਵਿਚ ਬਿਰਾਜਮਾਨ ਇਲਾਕੇ ਦੇ ਮਸ਼ਹੂਰ ਭਾਗ ਜੋਗੀ ਪਾਸ ਪਹੁੰਚ ਗਏ।

**ਕੇਰ ਭਾਗ ਦੀ**– ਇਹ ਨੱਕ ਦੀ ਸੇਧ ਤੇ ਡਿੰਗੇ ਤੋਂ 17 ਕਿ.ਮੀ. (ਦੱਖਣ ਪੱਛਮ) ਮੰਡੀ ਬਹਾਉਦੀਨ ਤੋਂ ਦੱਖਣ ਨੂੰ ਮਰਾਲੇ ਵਾਲੀ ਸੜਕ ਤੇ 15 ਕਿ.ਮੀ. ਹੈ। ਜੈਸਕ ਤੋਂ ਤਿੰਨ ਫਰਲਾਂਗ ਤੇ ਮੌਜੂਦ ਹੈ ਕੇਰ ਬਾਬਾ ਨਾਨਕ ਜਾਂ ਕੇਰ ਭਾਗ ਦੀ।

ਪੱਛਮੀ ਪੰਜਾਬ ਦੇ ਕੁਝ ਜਿਲਿਆਂ ਵਿੱਚ ਮਿੱਟੀ ਦੇ ਬੁਰਜ ਜਾਂ ਮੀਨਾਰ ਨੂੰ ਕੇਰ ਕਹਿੰਦੇ ਨੇ। ਲੋਕ ਕਿਸੇ ਦੀ ਯਾਦ ਵਿੱਚ ਕੇਰ ਬਣਾਉਂਦੇ ਆਏ ਹਨ। ਅਮੂਮਨ ਇਹ ਕੱਚਾ ਹੀ ਹੁੰਦਾ ਆਇਆ ਹੈ। ਕੇਰ ਦੀ ਜੜ੍ਹ ਵਿਚ ਬੁੱਧਮੱਤ ਹੀ ਹੈ, ਕਿਉਂਕਿ ਬੋਧੀ ਸਤੂਪ ਜਾਂ ਪਗੋਡਾ ਬਣਾਉਂਦੇ ਹਨ।

ਇਥੇ ਜਦੋਂ ਗੁਰੂ ਸਾਹਿਬ ਤੇ ਭਾਈ ਮਰਦਾਨਾ ਪਹੁੰਚੇ ਤਾਂ ਮਰਦਾਨੇ ਨੂੰ ਤ੍ਰੇਹ ਨੇ ਬੇਹਾਲ ਕੀਤਾ ਹੋਇਆ ਸੀ। ਦੂਰ ਜਦੋਂ ਨਿਗਾਹ ਦੌੜਾਈ ਤਾਂ ਕੀ ਦੇਖਦੇ ਨੇ ਇਕ ਮਣੇ ਉੱਤੇ ਇੱਕ ਮੁੰਡਾ ਬੈਠਾ ਹੈ। ਮਣੇ ਕੋਲ ਗਏ ਤੇ ਪਾਣੀ ਬਾਰੇ ਪੁੱਛਿਆ। ਮੁੰਡੇ ਕੋਲ ਵੀ ਪਾਣੀ ਨਹੀ ਸੀ ਤੇ ਉਸ ਕਿਹਾ ਕਿ ਪਿੰਡ ਤੋਂ ਪਹਿਲਾਂ ਪਾਣੀ ਕਿਤੇ ਨਹੀ ਹੈ। ਉਸ ਵੇਲੇ ਗੁਰੂ ਸਾਹਿਬ ਨੇ ਆਪਣੇ ਸੋਟੇ ਨਾਲ ਮਿੱਟੀ ਖੋਦੀ ਤਾਂ ਥੱਲਿਓ ਪਾਣੀ ਸਿੰਮ ਉਠਿਆ। ਮੁੰਡੇ ਨੇ ਜਦੋਂ ਇਹ ਕੌਤਕ ਵੇਖਿਆ ਤਾਂ ਚਾਅ ਚਾਅ ਵਿੱਚ ਪਿੰਡ ਇਹ ਖਬਰ ਦੱਸਣ ਆਇਆ ਅਤੇ ਗੁਰੂ ਸਾਹਿਬ ਅਤੇ ਮਰਦਾਨੇ ਲਈ ਰੋਟੀ ਪਾਣੀ ਲੈ ਕੇ ਹਾਜਰ ਹੋਇਆ। ਗੁਰੂ ਸਾਹਿਬ ਨੇ ਉਹਦੀ ਸ਼ਰਧਾ ਵੇਖਦੇ ਹੋਏ ਉਹਦੇ ਸਰੀਰ ਨੂੰ ਤੰਦਰੁਸਤ ਕਰ ਦਿੱਤਾ। ਪਹਿਲਾਂ ਇਸ ਦੇ ਅੰਗ

ਪੈੜ ਸਰੋਤ

*ਸੋਢੀ। ਬਾਕੀ ਉਹ ਇਤਿਹਾਸਕਾਰ ਗਲਤ ਹਨ ਜਿੰਨਾਂ ਨੇ ਇਸ ਇਲਾਕੇ ਨੂੰ ਗੁਰੂ ਸਾਹਿਬ ਦੀ ਚੌਥੀ ਉਦਾਸੀ ਨਾਲ ਜੋੜਿਆ ਹੈ। ਸੋਢੀ ਨੇ ਸਾਫ ਸਾਫ ਲਿਖਿਆ ਹੈ ਕਿ ਗੁਰੂ ਸਾਹਿਬ ਸੈਦਪੁਰ ਤੋਂ ਟਿੱਲੇ ਆਏ ਸਨ।

✚ ਸਾਈਕਲ ਯਾਤਰੀ -748- 753

✚ ਹੋ ਸਕਦੈ ਬਾਦ ਵਿਚ ਵੀ ਗੁਰੂ ਸਾਹਿਬ ਗੁਜਰਾਂਵਾਲਾ ਆਏ ਹੋਣ ਕਿਉਂਕਿ ਸਾਈਕਲ ਯਾਤਰੀ -748, ਅਨੁਸਾਰ ਇਥੇ ਸੰਨ 1525 ਈ ਵਿੱਚ ਸਾਹਿਬ ਨੇ ਚਰਨ ਪਾਏ ਸਨ। ਅਸਾਂ ਇਸ ਯਾਤਰਾ ਵਿਚ ਗੁਜਰਾਂਵਾਲਾ ਇਸ ਕਰਕੇ ਦਿਖਾਇਆ ਹੈ ਕਿ ਇਹ ਐਨ ਰਸਤੇ ਵਿਚ ਪੈਂਦਾ ਹੈ।



ਜਿਵੇ ਕਰਤਾਰਪੁਰ ਸਾਹਿਬ ਦੂਰੋ ਨਜਰ ਆਉਦਾ ਹੈ ਏਸੇ ਤਰਾਂ ਕੇਰ ਭਾਗ ਦੀ 4-5 ਕਿ.ਮੀ ਤੋਂ ਨਜਰ ਆ ਰਿਹਾ ਹੁੰਦਾ ਹੈ। ਇਮਾਰਤ ਦੀ ਹਾਲਤ ਖਸਤਾ ਹੈ। - ਫੋਟੋ ਮਿਰਜਾ ਬੇਗ

ਪੈਰ ਵਿੰਗੇ ਸਨ। ਪਿੰਡ ਵਾਸੀ ਜੋ ਪਾਣੀ ਦੀ ਵੱਡੀ ਕਿੱਲਤ ਦਾ ਸਾਹਮਣਾ ਕਰ ਰਹੇ ਸਨ ਉਸ ਥਾਂ ਨੂੰ ਹੋਰ ਖੋਦਿਆ ਤੇ ਪਾਣੀ ਹੋਰ ਨਿਕਲਣ ਤੇ ਉਥੇ ਛੱਪੜ ਬਣਾ ਦਿੱਤਾ। ਲਾਗੇ ਹੀ ਕੇਰ ਉਸਾਰ ਦਿੱਤੀ ਗਈ ਜਿਸ ਦਾ ਨਾਂ 'ਕੇਰ ਬਾਵਾ ਨਾਨਕ' ਪ੍ਰਸਿੱਧ ਹੋਇਆ। ਛੱਪੜ ਫਿਰ ਸਰੋਵਰ ਪਵਿਤ੍ਰ ਯਾਦਗਾਰੀ ਸਰੋਵਰ ਹੋ ਨਿਬੜਿਆ। **

ਇਸੇ ਪਿੰਡ ਵਿੱਚ ਜੋਗੀਆਂ ਦਾ ਆਸ਼ਰਮ ਵੀ ਸੀ। ਜੋਗੀਆਂ ਨੂੰ ਪਿੰਡ ਵਾਲਿਆਂ ਨਾਲ ਸਖਤ ਸ਼ਕਾਇਤ ਸੀ ਕਿ ਇਹ ਬਹੁਤ ਬੁਰੇ ਲੋਕ ਨਾਸਤਕ ਨੇ ਤੇ ਸਾਧੂ ਸੰਤਾਂ ਨੂੰ ਨਫਰਤ ਕਰਦੇ ਨੇ। ਮਹੰਤ ਤਾਂ ਇਥੋਂ ਤੱਕ ਕਹੇ ਕਿ ਮੈਂ ਪਿੰਡ ਨੂੰ ਗਰਕਦਾ ਵੇਖਣਾ ਚਾਹੁੰਦਾ ਹਾਂ। ਗੁਰੂ ਸਾਹਿਬ ਹੈਰਾਨ ਸਨ ਕਿ ਕੋਈ ਧਰਮੀ ਬੰਦਾ ਵੀ ਰੱਬ ਦੇ ਜੀਆਂ ਨਾਲ ਇਸ ਤਰਾਂ ਨਫਰਤ ਕਰ ਸਕਦਾ ਹੈ? ਗੁਰੂ ਸਾਹਿਬ ਨੇ ਉਨ੍ਹੂੰ ਸਮਝਾਉਣਾ ਚਾਹਿਆ ਤਾਂ ਮਹੰਤ ਬੋਲਿਆਂ ਕਿ ਇਹ ਪਿੰਡ ਹੈ ਈ ਗਰਕਣ ਦੇ ਲਾਇਕ। ਗੁਰੂ ਸਾਹਿਬ ਨੇ ਕੇਰ ਬਾਬਾ ਨੂੰ ਕਿਹਾ ਤੁਸੀ ਕੌਣ ਹੁੰਦੇ ਹੋ ਰੱਬ ਦੇ ਬੰਦਿਆਂ ਨੂੰ ਗਰਕ ਕਰਨ ਵਾਲੇ? ਪਿੰਡ ਦੀ ਛੱਡੋ ਤੁਸੀ ਮੇਰਾ ਇਹ ਆਸਾ (ਸੋਟਾ) ਹੀ ਗਰਕ ਕਰਕੇ ਵਿਖਾ ਦਿਓ। ਤਪੱਸਵੀ ਨੇ ਜਾਪ ਸ਼ੁਰੂ ਕਰ ਦਿੱਤਾ ਆਸੇ ਨੂੰ ਗਰਕ ਕਰਨ ਲਈ। ਜਿਵੇ ਉਸ ਨੇ ਧਿਆਨ ਲਾਇਆ ਕੇਰ ਬਾਬਾ ਨੂੰ ਸੋਟਾ ਨਹੀ ਫਨੀਅਰ ਨਾਗ ਨਜਰ ਆਵੇ।

ਹਾਰ ਕੇ ਗੁਰੂ ਸਾਹਿਬ ਦੇ ਚਰਨੀ ਲੱਗਾ। ਸਾਹਿਬ ਨੇ ਸਮਝਾਇਆ ਕਿ ਸਾਰੇ ਜੀਅ ਨਿਰੰਕਾਰ ਦੇ ਆਪਣੇ ਹਨ। ਦੁਨੀਆਂ ਵਿੱਚ ਹਰ ਪ੍ਰਕਾਰ ਦੀ ਵੰਨਗੀ ਮਿਲਦੀ ਹੈ: ਚੋਰ, ਡਾਕੂ, ਕੂੜਿਆਰ, ਸੱਜਣ, ਮਿੱਤ੍ਰ ਸਭ ਉਸ ਦੇ ਹੀ ਪੈਦਾ ਕੀਤੇ ਹੋਏ ਹਨ:

ਮਾਰੂ ਮਹਲਾ ੧ ॥ ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥ ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥੧॥ ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥ ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥ ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ ॥ ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ ॥੩॥ ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ ॥ ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ ॥੪॥ ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ ॥ ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ ॥੫॥ ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ ॥ ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ ॥੬॥ ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ ॥ ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ ॥੭॥੩॥੧੧॥

ਗੁਰੂ ਸਾਹਿਬ ਨੇ ਜੋਗੀ ਨੂੰ ਨਿਰੰਕਾਰ ਦੀ ਪੈਦਾ ਕੀਤੀ ਵੰਨਗੀ ਦਾ ਸਿਧਾਂਤ ਸਮਝਾਇਆ:-

ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥

ਗੁਰੂ ਸਾਹਿਬ ਦੇ ਕੋਈ 150 ਸਾਲ ਬਾਦ ਪਿੰਡ ਵਾਸੀਆਂ ਨੇ ਕੇਰ ਬਾਵਾ ਨਾਨਕ ਦੇ ਡੇਰੇ ਤੇ ਇੱਕ ਉਦਾਸੀ ਸਾਧੂ ਭਾਈ ਨਿਮਾਣਾ ਨੂੰ ਬੈਠਾ ਦਿੱਤਾ। ਉਸ ਨੇ ਸਿੱਖੀ ਦਾ ਖੂਬ ਪ੍ਰਚਾਰ ਕੀਤਾ। ਉਦਾਸੀ ਸਾਧਾਂ ਵਿਚੋਂ ਹੀ ਇੱਕ ਬਾਬੇ ਨੇ ਮਹਾਰਾਜਾ ਰਣਜੀਤ ਸਿੰਘ ਤੱਕ ਪਹੁੰਚ ਕਰਕੇ ਗੁਰਦੁਆਰਾ ਸਾਹਿਬ ਦੇ ਨਾਂ ਤੇ ਖਰਚੇ ਵਾਸਤੇ 40 ਮੁਰੱਬੇ ਜਮੀਨ ਵੀ ਲੁਆ ਲਈ। ਗੁਰਦੁਆਰੇ ਦੀ ਸੋਹਣੀ ਤਿੰਨ ਮੰਜਲਾ ਇਮਾਰਤ ਵੀ ਬਣਵਾਈ।

ਇਨਾਂ ਉਦਾਸੀ ਸਾਧੂਆਂ ਵਿਚੋਂ ਹੀ ਡਿੰਗੇ ਦਾ ਜੰਮ ਪਲ ਬਾਬਾ ਭਾਗ ਹੋਇਆ ਹੈ ਜਿਸ ਨੇ ਇਲਾਕੇ ਵਿੱਚ ਖੂਬ ਪ੍ਰਚਾਰ ਕੀਤਾ। ਹੌਲੀ ਹੌਲੀ ਅਸਥਾਨ ਦਾ ਨਾਂ 'ਕੇਰ ਬਾਵਾ ਨਾਨਕ' ਤੋਂ ਨਾਂ 'ਕੇਰ ਭਾਗਦੀ' ਹੋ ਗਿਆ। ਕਿਹਾ ਜਾਂਦਾ ਹੈ ਕਿ ਭਾਈ ਭਾਗ ਬੜਾ ਕਰਨੀ ਵਾਲਾ ਇਨਸਾਨ ਹੋਇਆ ਹੈ। ਇਸ ਦੀ ਸਮਾਧ ਅੱਜ ਵੀ ਗੁਰਦੁਆਰਾ ਸਾਹਿਬ ਦੀ ਚਾਰ ਦੀਵਾਰੀ ਅੰਦਰ ਮੌਜੂਦ ਹੈ।

ਪਾਕਿਸਤਾਨ ਬਣਨ ਤੋਂ 70 ਸਾਲ ਬਾਦ ਵੀ ਇਹ ਸ਼ਾਨਦਾਰ ਇਮਾਰਤ ਮੌਜੂਦ ਹੈ। ਇਮਾਰਤ ਤੇ ਨਾਲ ਦੀਆਂ ਸਰਾਵਾਂ ਵਿੱਚ ਲੋਕਾਂ ਨੇ ਕਬਜੇ ਕੀਤੇ ਹੋਏ ਨੇ।

ਜੈਸਕ ਤੋਂ ਗੁਰੂ ਸਾਹਿਬ ਮੰਡੀ ਬਹਾਉਦੀਨ ਹੁੰਦੇ ਹੋਏ ਜਿਹਲਮ ਦਰਿਆ ਪਾਰ ਕਰਕੇ ਪਿੰਡ ਜਲਾਲਪੁਰ ਪਹੁੰਚੇ।* ਇਹ ਉਹ ਸ਼ਹਿਰ ਹੈ ਜਿੱਥੇ ਬਾਦਸ਼ਾਹ ਸਿਕੰਦਰ ਦਾ ਪਿਆਰਾ ਘੋੜਾ ਮਰ ਗਿਆ ਸੀ। ਇਥੇ ਉਸ ਘੋੜੇ ਦੀ ਕਬਰ ਹੁੰਦੀ ਸੀ। ਇਸ ਸ਼ਹਿਰ ਵਿੱਚ ਵੀ ਸਾਹਿਬ ਨੇ ਕੋਈ ਕੌਤਕ ਕੀਤਾ ਜੋ ਇਤਹਾਸ ਸਾਂਭ ਨਹੀ ਸਕਿਆ। ਯਾਦਗਾਰੀ ਗੁਰਦੁਆਰਾ ਹੁੰਦਾ ਸੀ। ਪਰ ਹੁਣ ਪਤਾ ਲੱਗਦਾ ਹੈ ਕਿ ਲੋਕਾਂ ਨੇ ਗੁਰਦੁਆਰੇ ਵਾਲੀ ਥਾਂ ਤੇ ਰਹਾਇਸ਼ਾਂ ਬਣਾਂ ਲਈਆਂ ਨੇ।

-----◈-----

## ਡਿੰਗੇ ਦੇ ਜੋਗੀ ਦਾ ਡਿੰਗ ਕੱਢਿਆ

ਜੈਸਕ ਤੋਂ 20 ਕਿ. ਮੀ ਦਾ ਪੈਡਾ ਕਰ ਕੇ ਗੁਰੂ ਸਾਹਿਬ ਡਿੰਗੇ ਨਾਂ ਦੇ ਕਸਬੇ ਵਿੱਚ ਪਹੁੰਚੇ। ਡਿੰਗਾ ਖਾਰੀਆਂ ਤਹਿਸੀਲ ਵਿੱਚ, ਜਿਲਾ ਗੁਜਰਾਤ ਹੈ।

ਇਸ ਪਿੰਡ ਵਿੱਚ ਗੁਰੂ ਸਾਹਿਬ ਦਾ ਆਉਣਾ ਇਸ ਕਰਕੇ ਬਣਿਆ ਕਿ ਇੱਕ ਜੋਗੀ ਨੇ ਬਾਹਰੇ ਵਿੱਚ ਡੌਂਡੀ ਪਿਟਵਾਈ ਹੋਈ ਸੀ ਕਿ ਉਹ ਪੂਰੇ 40 ਦਿਨ ਬਿਨਾਂ ਕੁਝ ਖਾਧੇ ਆਪਣੇ ਭੋਰੇ ਵਿਚ ਰਹੇਗਾ ਅਤੇ ਭਗਤੀ ਕਰੇਗਾ। ਤਹਿ ਕੀਤੇ ਦਿਨ ਤੇ ਜੋਗੀ ਭੋਰੇ ਵਿੱਚ ਵੜ੍ਹ ਚੁੱਕਾ ਸੀ ਤੇ ਨਾਲ ਹੀ ਢੋਲੀ ਨੂੰ ਹਦਾਇਤ ਦੇ ਗਇਆ ਸੀ ਕਿ ਫਲਾਣੇ ਦਿਨ ਮੇਰੇ 40 ਦਿਨ ਹੋਣੇ ਹਨ ਤੂੰ ਬਾਹਰੇ ਭਾਵ ਨੇੜੇ ਤੇੜੇ ਦੇ ਸਾਰੇ ਪਿੰਡਾਂ ਵਿੱਚ ਢੰਡੋਰਾ ਪਿੱਟ ਦੇਵੀ ਕਿ ਫਲਾਣੇ



ਨਾਨਕਸਰ ਡਿੰਗਾ (ਖੱਬੇ) -12ਨਵੰਬਰ 1933
(ਤਸਵੀਰ:ਸਾਈਕਲ ਯਾਤਰੀ

ਦਿਨ ਸੰਤ ਮਹਾਪੁਰਖ ਬਾਹਰ ਆਉਣਗੇ ਤੇ ਲੋਕੀ ਹੁੰਮ ਹੁੰਮਾ ਕੇ ਦਰਸ਼ਨਾਂ ਨੂੰ ਆਉਣ।

ਕਿਉਂਕਿ ਉਦੋਂ ਤੱਕ ਗੁਰੂ ਸਾਹਿਬ ਦੀ ਮੰਨਤਾ ਚਾਰ ਚੁਫੇਰੇ ਹੋ ਚੁੱਕੀ ਸੀ ਜਿਵੇ ਗੁਰੂ ਸਾਹਿਬ ਪਿੰਡ ਵਿੱਚ ਆਏ ਲੋਕ ਉਲਟ ਕੇ ਪੈ ਗਏ ਇਸ ਚਮਤਕਾਰੀ ਬਾਬੇ ਦੇ ਦਰਸ਼ਨਾਂ ਨੂੰ। ਓਥੇ ਜਦੋਂ ਫਿਰ ਜੋਗੀ ਦੇ ਚਾਲੀਹੇ ਦੀ ਗੱਲ ਚਲੀ ਤਾਂ ਗੁਰੂ ਸਾਹਿਬ ਨੇ ਇਲਾਕੇ ਦੇ ਮੋਹਰਬਰ ਬੰਦਿਆਂ ਨੂੰ ਸਮਝਾਇਆ ਕਿ ਅਜਿਹਾ ਪਾਖੰਡ ਉਹ ਹੋਰ ਵੀ ਕਈ ਥਾਂਈ ਵੇਖ ਚੁੱਕੇ ਨੇ। ਕਈ ਸਿਆਣਿਆਂ ਬੰਦਿਆਂ ਸ਼ਕਾਇਤ ਵੀ ਕੀਤੀ ਕਿ ਜੋਗੀ ਪਾਖੰਡੀ ਹੈ ਤੇ ਉਹਦੇ ਕਈ ਪਾਖੰਡ ਸਿਆਣਿਆਂ ਨੂੰ ਪਤਾ ਹਨ। ਅੰਤ ਵਿਚ ਤਹਿ ਹੋਇਆ ਕਿ ਜੋਗੀ ਦੇ ਬਾਹਰ ਆਉਣ ਤੇ ਕੋਈ ਢੰਡੋਰਾ ਨਾਂ ਪਿੱਟਿਆ ਜਾਵੇ ਅਤੇ ਕੋਈ ਵੀ ਬੰਦਾ ਉਹਦੇ ਭੋਰੇ ਨੇੜੇ ਨਾਂ ਹੋਏ।

ਚੌਧਰੀਆਂ ਨੇ ਗੁਰੂ ਸਾਹਿਬ ਦੇ ਉਪਦੇਸ਼ ਮੁਤਾਬਿਕ ਭੋਰੇ ਦੇ ਦੁਆਲੇ ਪਹਿਰਾ ਲੁਆ ਦਿੱਤਾ ਕਿ ਕੋਈ ਬੰਦਾ ਨੇੜੇ ਨਾਂ ਜਾਏ।

ਫਿਰ ਜਿਸ ਦਿਨ ਜੋਗੀ ਦਾ ਚਾਲੀਹਾ ਪੂਰਾ ਹੋਇਆ ਉਹ ਦੁਪਿਹਰੇ ਭੋਰੇ ਤੋਂ ਬਾਹਰ ਨਿਕਲਿਆ। ਜੋਗੀ ਨੇ ਜਦੋਂ ਵੇਖਿਆ ਕਿ ਮੇਰੇ ਦਰਸ਼ਨਾਂ ਨੂੰ ਕੋਈ ਨਹੀ ਆਇਆ ਤਾਂ ਉਹਦਾ ਹਉਕਾ ਨਿਕਲ ਗਿਆ ਤੇ ਜੋਗੀ ਬੇਹੋਸ਼ ਹੋ ਗਿਆ। ਹਟਵੇਂ ਬੈਠੇ ਲੋਕ ਫਿਰ ਜੋਗੀ ਕੋਲ ਗਏ ਤੇ ਉਨੂੰ ਪਾਣੀ ਧਾਣੀ ਪਿਆ ਕੇ ਕਾਇਮ ਕੀਤਾ।

ਗੁਰੂ ਸਾਹਿਬ ਨਾਲ ਫਿਰ ਜੋਗੀ ਦੀ ਵਾਰਤਾ ਹੋਈ। ਗੁਰੂ ਸਾਹਿਬ ਨੇ ਜੋਗੀ ਨੂੰ ਕਿਹਾ ਕਿ ਤੂੰ ਇਹ ਪਾਖੰਡ ਕਰਦਾ ਹੈ। ਜੇ ਤੇਰੀ ਭਗਤੀ ਸੱਚੀ ਹੈ ਤਾਂ ਤੂੰ ਲੋਕ ਵਿਖਾਵਾ ਕਿਓ ਕਰਦਾ ਹੈਂ? ਕਿਓ ਡੌਂਡੀ ਪਿਟਵਾਉਨਾ ਏ? ਜੋਗੀ ਨੂੰ ਸਮਝਾਇਆ ਕਿ ਵੇਖ ਤੂੰ ਸਿਰਫ ਲੋਕ ਵਿਖਾਵਾ ਕਰਨ ਭਾਵ ਲੋਕਾਂ ਨੂੰ ਭਰਮਾਉਣ ਖਾਤਰ ਆਪਣੀ ਦੇਹੀ ਨੂੰ ਦੁੱਖ ਦਿੰਦਾ ਏ ਜੋ ਜਾਇਜ ਨਹੀ। ਤੂੰ ਇਸ ਉਮੀਦ ਵਿੱਚ ਭੁੱਖਾ ਰਹਿਨਾ ਏ ਕੇ ਲੋਕ ਤੈਨੂੰ ਬਹੁਤ ਮਹਾਨ ਜੋਗੀ ਗਿਣਨ। ਇਹਦਾ ਸਬੂਤ ਤੇਰੇ ਸਾਹਮਣੇ ਹੈ ਕਿ ਜਦੋਂ ਤੂੰ ਵੇਖਿਆ ਕਿ ਕੋਈ ਤੇਰੇ ਦਰਸ਼ਨਾਂ ਨੂੰ ਨਹੀ ਆਇਆ ਤਾਂ ਤੂੰ ਹਉਕੇ ਕਾਰਨ ਬੇਹੋਸ਼ ਹੋ ਗਿਆ।

ਜੋਗੀ ਲਾ ਜਵਾਬ ਸੀ।

ਗੁਰੂ ਸਾਹਿਬ ਨੇ ਫਿਰ ਚੌਧਰੀਆਂ ਨੂੰ ਹੁਕਮ ਕਰਕੇ ਅਗਲੇ ਦਿਨ ਇਕੱਠੇ ਹੋਣ ਵਾਸਤੇ ਡੌਂਡੀ ਪਿਟਵਾ ਦਿੱਤੀ ਤੇ ਲੋਕਾਈ ਇਕੱਠੀ ਹੋਈ। ਓਥੇ ਫਿਰ ਗੁਰੂ ਸਾਹਿਬ ਤੇ ਮਰਦਾਨੇ ਨੇ ਸ਼ਬਦ ਗਾਇਆ:-

ਰਾਮਕਲੀ ਮਹਲਾ ੧ ॥ ਅਉਹਠਿ ਹਸਤ ਮੜੀ ਘਰੁ ਛਾਇਆ ਧਰਣਿ ਗਗਨ ਕਲ ਧਾਰੀ ॥੧॥ ਗੁਰਮੁਖਿ ਕੇਤੀ ਸਬਦਿ ਉਧਾਰੀ ਸੰਤਹੁ ॥੧॥ ਰਹਾਉ ॥ ਮਮਤਾ ਮਾਰਿ ਹਉਮੈ ਸੋਖੈ ਤ੍ਰਿਭਵਣਿ ਜੋਤਿ ਤੁਮਾਰੀ ॥੨॥ ਮਨਸਾ ਮਾਰਿ ਮਨੈ ਮਹਿ ਰਾਖੈ ਸਤਿਗੁਰ ਸਬਦਿ ਵੀਚਾਰੀ ॥੩॥ ਸਿੰਙੀ ਸੁਰਤਿ ਅਨਾਹਦਿ ਵਾਜੈ ਘਟਿ ਘਟਿ ਜੋਤਿ ਤੁਮਾਰੀ ॥੪॥ ਪਰਪੰਚ ਬੇਣੁ ਤਹੀ ਮਨੁ ਰਾਖਿਆ ਬ੍ਰਹਮ ਅਗਨਿ ਪਰਜਾਰੀ ॥੫॥ ਪੰਚ ਤਤੁ ਮਿਲਿ ਅਹਿਨਿਸਿ ਦੀਪਕੁ ਨਿਰਮਲ ਜੋਤਿ ਅਪਾਰੀ ॥੬॥ ਰਵਿ ਸਸਿ ਲਉਕੇ ਇਹੁ ਤਨੁ ਕਿੰਗੁਰੀ ਵਾਜੈ ਸਬਦੁ ਨਿਰਾਰੀ ॥੭॥ ਸਿਵ ਨਗਰੀ ਮਹਿ ਆਸਣੁ ਅਉਧੂ ਅਲਖੁ ਅਗੰਮੁ ਅਪਾਰੀ ॥੮॥ ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ ॥੯॥ ਸਬਦਿ ਰਵੈ ਆਸਣਿ ਘਰਿ ਰਾਜਾ ਅਦਲੁ ਕਰੇ ਗੁਣਕਾਰੀ ॥੧੦॥ ਕਾਲੁ ਬਿਕਾਲੁ ਕਹੇ ਕਹਿ ਬਪੁਰੇ ਜੀਵਤ ਮੂਆ ਮਨੁ ਮਾਰੀ ॥੧੧॥ ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ ॥੧੨॥ ਕਾਇਆ ਸੋਧਿ ਤਰੈ ਭਵ ਸਾਗਰੁ ਆਤਮ ਤਤੁ ਵੀਚਾਰੀ ॥੧੩॥ ਗੁਰ ਸੇਵਾ ਤੇ ਸਦਾ ਸੁਖੁ ਪਾਇਆ ਅੰਤਰਿ ਸਬਦੁ ਰਵਿਆ ਗੁਣਕਾਰੀ ॥੧੪॥ ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ ॥੧੫॥ ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥੧੬॥ ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ ॥੧੭॥ ਮਨੂਆ ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ ॥੧੮॥ ਬੇਦੁ ਬਾਦੁ ਨ ਪਾਖੰਡੁ ਅਉਧੂ ਗੁਰਮੁਖਿ ਸਬਦਿ ਬੀਚਾਰੀ ॥੧੯॥ ਗੁਰਮੁਖਿ ਜੋਗੁ ਕਮਾਵੈ ਅਉਧੂ ਜਤੁ ਸਤੁ ਸਬਦਿ ਵੀਚਾਰੀ ॥੨੦॥ ਸਬਦਿ ਮਰੈ ਮਨੁ ਮਾਰੇ ਅਉਧੂ ਜੋਗ ਜੁਗਤਿ ਵੀਚਾਰੀ ॥੨੧॥ ਮਾਇਆ ਮੋਹੁ ਭਵਜਲੁ ਹੈ ਅਵਧੂ ਸਬਦਿ ਤਰੈ ਕੁਲ ਤਾਰੀ ॥੨੨॥ ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ ॥੨੩॥ ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸਬਦਿ ਵੀਚਾਰੀ ॥੨੪॥ ਆਪੇ ਬਖਸੇ ਮੇਲਿ ਮਿਲਾਏ ਨਾਨਕ ਸਰਣਿ ਤੁਮਾਰੀ ॥੨੫॥੯॥

ਇਹੋ ਜੋਗੀ ਫਿਰ ਗੁਰਮਤ ਦਾ ਪੱਕਾ ਪ੍ਰਚਾਰਕ ਹੋ ਨਿਬੜਿਆ। ਜਿੱਥੇ ਉਹਦਾ ਆਸ਼ਰਮ ਸੀ ਓਥੇ ਗੁਰਦੁਆਰਾ ਤਾਮੀਰ ਹੋ ਗਿਆ। ਇਹ ਗੁਰਦੁਆਰਾ 1947 ਤੱਕ ਮੌਜੂਦ ਸੀ। ਵੱਡਾ ਟੋਭਾ ਵੀ ਹੁੰਦਾ ਸੀ ਜਿਸ ਕਰਕੇ ਗੁਰਦੁਆਰਾ ਸਾਹਿਬ ਦਾ ਨਾਂ ਨਾਨਕਸਰ ਸੀ। ਸਿੱਖਾਂ ਨੂੰ ਜਦੋਂ ਹਿਜਰਤ ਕਰਨੀ ਪਈ ਤਾਂ ਸੁੰਨਾਂ ਥਾਂ ਵੇਖ ਕੇ ਓਥੋਂ ਦੀ ਹਕੂਮਤ ਨੇ ਇਥੇ ਬੱਸ ਅੱਡਾ ਬਣਾ ਦਿੱਤਾ ਤੇ ਗੁਰਦੁਆਰਾ ਸਾਹਿਬ ਦੀ ਨਿਸ਼ਾਨੀ ਸਿਰਫ ਅੱਜ ਖੂਹ ਹੀ ਬਾਕੀ ਹੈ। ◘

12 ਨਵੰਬਰ 1933 ਨੂੰ ਜਦੋਂ ਸਾਈਕਲ ਯਾਤਰੀ ● ਇਥੇ ਆਇਆ ਤਾਂ ਹਾਲਾਤ ਵੇਖ ਕੇ ਬਹੁਤ ਦੁਖੀ ਹੋਇਆ ਕਿਉਂਕਿ ਇਥੇ ਨਾਨਕਸਰ ਸਰੋਵਰ ਵਿੱਚ ਜਨਾਨੀਆਂ ਨੰਗੀਆਂ ਨਹਾਉਦੀਆਂ ਤੇ ਓਥੇ ਹੀ ਕਪੜੇ ਧੋਇਆ ਕਰਦੀਆਂ ਸਨ। ਭਾਈ ਸਾਹਿਬ ਨੇ ਇਸ ਸ਼ਹਿਰ ਨੂੰ ਸਰਾਪ ਵੀ ਦਿੱਤਾ। ਭਾਈ ਸਾਹਿਬ ਦਾ ਮੰਨਣਾ ਸੀ ਕਿ ਇਥੋਂ ਦੇ ਵਸਨੀਕਾਂ ਦੀ ਲਾਪਰਵਾਹੀ ਕਰਕੇ ਹੀ ਉਹ ਟਾਹਲੀ ਸੁੱਕ ਗਈ ਹੈ ਜਿਸਦੇ ਹੇਠ ਗੁਰੂ ਸਾਹਿਬ ਬਿਰਾਜੇ ਸਨ। ਭਾਈ ਸਾਹਿਬ ਨੇ ਦੱਸਿਆ ਹੈ ਕਿ ਸ਼ਹਿਰ ਦੇ ਕੁਝ ਵਸਨੀਕ ਆਰੀਆ ਸਮਾਜੀ ਬਣ ਗਏ ਹਨ ਤੇ ਉਲਟਾ ਅਦਾਲਤ ਵਿੱਚ ਕੇਸ ਕਰਵਾ ਦਿੱਤਾ ਕਿ ਇਹ ਜਗਾ ਸੰਨਿਆਸੀਆਂ ਦੀ ਹੈ। ਨਿਹੰਗ ਭਾਈ ਬਘੇਲ ਸਿੰਘ ਨੇ ਆਪਣੇ ਦਮ ਤੇ ਮੁਕੱਦਮਾ ਲੜਿਆ ਅਤੇ ਜਿੱਤਿਆ।

-----◈-----

ਡਿੰਗੇ ਤੋਂ ਨੱਕ ਦੀ ਸੇਧ 24 ਕੁ ਕਿ.ਮੀ. ਪੱਛਮ ਮੀਰਪੁਰ ਹੈ। ਪਰ ਇਹ ਨਹੀ ਪਤਾ ਲੱਗਦਾ ਕਿ ਸਾਹਿਬ ਨੇ ਜਿਹਲਮ ਦਰਿਆ ਕਿਥੋਂ ਕੁ ਪਾਰ ਕਰਕੇ ਮੀਰਪੁਰ ਚਰਨ ਪਾਏ ਸਨ। ਮੀਰਪੁਰ ਵਿੱਚ ਇੱਕ ਮਸ਼ਹੂਰ ਪੰਡਤ ਨਾਂ ਦੌਲਾ ਨੇ ਵੱਖਰਾ ਹੀ ਹੰਕਾਰ ਪਾਲਿਆ ਹੋਇਆ ਸੀ। ਗੁਰੂ ਸਾਹਿਬ ਨੇ ਦੌਲੇ ਦੀ ਸੋਚ ਨੂੰ ਅਜਿਹਾ ਰੋਸ਼ਨਾਮ ਦਿੱਤਾ ਕਿ ਦੌਲਾ ਵੱਡਾ ਪ੍ਰਚਾਰਕ ਬਣਿਆ ਗੁਰਮਤ ਦਾ।

ਪੈੜ ਸਫ਼ਾ
● ਸਾਈਕਲ ਯਾਤਰੀ -758
◘ ਕੈਸਰ-180

ਯਾਦ ਰਹੇ ਇਸ ਇਲਾਕੇ ਵਿਚ ਮੁਝਾਲ ਬ੍ਰਾਹਮਣਾਂ ਦਾ ਵੱਡਾ ਦਬਦਬਾ ਰਿਹਾ ਹੈ। ਇਹ ਲੋਕ ਸਿੱਖੀ ਦੇ ਵੱਡੇ ਪ੍ਰਚਾਰਕ ਬਣੇ ਸਨ। ਭਾਈ ਮਤੀ ਦਾਸ ਸਤੀ ਦਾਸ ਪਿੰਡ ਕੜਿਆਲਾ ਦੇ ਹੀ ਸਨ ਜੋ ਜੇਹਲਮ ਤੋਂ 10 ਕਿ. ਮੀ ਦੱਖਣ ਪੂਰਬ ਹੈ। ਕਟਾਸਰਾਜ ਦੇ ਗੁਰੂ ਨਾਨਕ ਗੁਰਦੁਆਰੇ ਦੇ ਮਹੰਤ ਵੀ ਇਹੋ ਛਿੱਬੜ ਬ੍ਰਾਹਮਣ ਹੀ ਸਨ।



ਟਿੱਲੇ ਦਾ ਕੇਂਦਰੀ ਬਿੰਦੂ ਜਿਥੇ ਕਈ ਮੱਠ ਹਨ


-----◈-----

## ਟਿੱਲਾ ਜੋਗੀਆਂ

-ਜਾਂ ਟਿੱਲਾ ਗੋਰਖਨਾਥ ਜਾਂ ਬਾਲ ਗੁੰਦਾਈ ਜਾਂ ਕਹਿ ਲਓ ਜੋਗੀਆਂ ਦੀ ਪਹਾੜੀ (ਫਰਵਰੀ 1521 ਈ.)

### ਬਾਲ ਨਾਥ ਕਹਿੰਦਾ ਬਾਬਾ ਨਾਨਕ ਇਥੇ ਕੀ ਲੈਣ ਆ ਗਿਆ?

ਮੀਰਪੁਰ ਤੋਂ 25 ਕਿ. ਮੀ. ਪੱਛਮ ਚਲ ਕੇ ਗੁਰੂ ਸਾਹਿਬ ਜੋਗੀਆਂ ਦੇ ਪ੍ਰਸਿੱਧ ਸਥਾਨ ਟਿੱਲਾ ਜੋਗੀਆਂ ਜਾਂ ਜਿਨ੍ਹੰ ਟਿੱਲਾ ਬਾਲ ਗੁੰਦਾਈ ਵੀ ਕਹਿੰਦੇ ਨੇ ਪਹੁੰਚੇ। ਜੋਗੀਆ ਦੀ ਇਹ 1000 ਫ਼ੁੱਟ ਉੱਚੀ ਪਹਾੜੀ ਜੇਲਮ ਸ਼ਹਿਰ ਤੋਂ 25 ਕਿ. ਮੀ. ਦੱਖਣ ਪੱਛਮ 'ਚ ਹੈ। ਪੁਰਾਣੇ ਸਮਿਆਂ 'ਚ ਮੰਨਿਆ ਜਾਂਦਾ ਸੀ ਕਿ ਜਿਹੜਾ ਜੋਗੀ ਗੋਰਖ ਨਾਥ ਦੇ ਟਿੱਲੇ ਨਹੀ ਪਹੁੰਚਿਆ ਉਹਦਾ ਜੋਗ ਸੰਪੂਰਨ ਨਹੀ। ਇਥੇ ਵੱਡੇ ਵੱਡੇ ਜੋਗੀਆਂ ਦੇ ਵੱਖਰੇ ਵੱਖਰੇ ਯਾਦਗਾਰੀ ਸਥਾਨ ਹਨ ਭਾਵ ਭੋਲੇ ਨਾਥ, ਗੋਰਖ ਨਾਥ, ਮਛੰਦਰ ਨਾਥ, ਬਾਲ ਨਾਥ ਦੇ ਆਪਣੇ ਆਪਣੇ ਮੰਦਰ ਬਣੇ ਹੋਏ ਨੇ। ਹਰ ਵੇਲੇ ਇਥੇ ਸੈਕੜੇ ਤੇ ਕਦੀ ਹਜ਼ਾਰਾਂ ਦੀ ਗਿਣਤੀ ਵਿੱਚ ਜੋਗੀ ਸਮਾਧੀਆਂ ਲਾਈ ਪਏ ਰਹਿੰਦੇ ਸਨ। ਚੜ੍ਹਤ ਚੜ੍ਹਾਵਾ ਵੀ ਚੋਖਾ ਹੁੰਦਾ ਸੀ। ਤਾਂ ਹੀ ਤੇ ਸੰਨ 1748 ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਟਿੱਲੇ ਨੂੰ ਲੁੱਟਿਆ ਸੀ। ਅੱਜ ਵੀ ਇਸ ਅਸਥਾਨ ਦੀ ਬਰਬਾਦੀ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਸਥਾਨਕ ਲੋਕ ਖਜਾਨੇ ਦੀ ਭਾਲ ਵਿੱਚ ਇਥੇ ਪੁੱਟ ਪੁਟਾਈ ਕਰਦੇ ਰਹਿੰਦੇ ਨੇ।



ਉਹ ਮੱਠ ਜਿਥੇ ਗੁਰੂ ਸਾਹਿਬ ਨੇ ਡੇਰਾ ਲਾਇਆ ਸੀ। ਇਥੇ ਗੁਰੂ ਸਾਹਿਬ ਦੀ ਪੱਥਰ ਤੇ ਚਰਨ ਪਾਦੁਕਾ ਹੁੰਦੀ ਸੀ ਜੋ ਕੋਈ ਤਸਕਰ ਇਥੋਂ ਚੁੱਕ ਲੈ ਗਇਆ ਹੈ।

ਜਦੋਂ ਗੁਰੂ ਸਾਹਿਬ ਇਥੇ ਆਏ ਸ਼ਿਵਰਾਤਰੀ ਦਾ ਮੇਲਾ ਸੀ ਭਾਵ ਫਰਵਰੀ 1521। ਉਸ ਵੇਲੇ ਇਥੋਂ ਦੇ ਮਹੰਤ ਦਾ ਨਾਂ ਬਾਲ ਨਾਥ ਸੀ। (ਸ਼ਾਹ ਤਲਾਈ/ ਦਿਓੜ ਸਿੱਧ ਵਾਲੇ ਬਾਲਕ ਨਾਥ ਬਹੁਤ ਪਹਿਲਾਂ ਹੋਏ ਨੇ। ਭਾਵ ਉਹ ਵਖਰੇ ਨੇ) ਪਹਾੜੀ ਤੇ ਚਹਿਲ ਪਹਿਲ ਹੋਈ ਪਈ ਸੀ। ਗੁਰੂ ਸਾਹਿਬ ਨੇ ਪਹਾੜੀ ਤੇ ਪਹੁੰਚ ਇੱਕ ਪਾਸੇ ਹੋ ਬਿਰਾਜੇ। ਹੌਲੀ ਹੌਲੀ ਸਾਧੂਆਂ ਨੂੰ ਪਤਾ ਲੱਗ ਗਿਆ ਕਿ ਬਾਬਾ ਨਾਨਕ ਵੀ ਇਥੇ ਪਹੁੰਚ ਚੁੱਕੇ ਨੇ। ਜਿਵੇ ਪਹਿਲੇ ਦੱਸਿਆ ਜਾ ਚੁੱਕਿਆ ਹੈ ਕਿ ਗੁਰੂ ਸਾਹਿਬ ਦੀ ਧੁੰਮ ਚੁਫੇਰੇ ਪੈ ਚੁੱਕੀ ਸੀ। ਖਾਸ ਕਰਕੇ ਹਰ ਜੋਗੀ ਗੁਰੂ ਸਾਹਿਬ ਦਾ ਨਾਂ ਸੁਣ ਚੁੱਕਾ ਸੀ।

ਜਦੋਂ ਬਾਲ ਨਾਥ ਨੇ ਸੁਣਿਆ ਕਿ ਬਾਬਾ ਨਾਨਕ ਆਏ ਨੇ ਤਾਂ ਉਹ ਆਪ ਉੱਠ ਕੇ ਗਿਆ ਤੇ ਗੁਰੂ ਸਾਹਿਬ ਨੂੰ ਆਪਣੇ ਆਸਣ ਲੈ ਆਇਆ। ਆਓ ਭਗਤ ਕੀਤੀ। ਬਾਲ ਨਾਥ ਨੇ ਬੜੀ ਚਲਾਕੀ ਨਾਲ ਗੁਰੂ ਸਾਹਿਬ ਨੂੰ ਸਵਾਲ ਕਰ ਦਿੱਤਾ ਕਿ ਗੁਰੂ ਜੀ ਅਸੀ ਤਾਂ ਇਥੇ ਜੋਗ ਦੀ ਖੋਜ ਵਿੱਚ ਆਸਣ ਲਾਈ ਬੈਠੇ ਹਾਂ ਤੁਸੀ ਤਾਂ ਪਹੁੰਚੇ ਹੋਏ ਹੋ ਮੈ ਸੁਣਿਐ ਤੁਹਾਡਾ ਤਾਂ ਦਸਮ ਦੁਆਰ ਖੁੱਲਾ ਹੈ, ਕੁੰਡਲਨੀ ਸਿੱਧ ਹੈ, ਤੁਹਾਨੂੰ ਤਾਂ ਚਾਨਣ ਹੈ, ਤੁਸੀ ਕਿਵੇ ਖੇਚਲ ਕੀਤੀ ਇਸ ਦੁਰਗਮ ਪਹਾੜੀ ਤੇ ਚੜ੍ਹਨ ਦੀ?

ਗੁਰੂ ਸਾਹਿਬ ਨੇ ਝੱਟ ਮਰਦਾਨੇ ਨੂੰ ਸੁਚੇਤ ਕੀਤਾ ਤੇ ਗਾਉਣਾ ਸ਼ੁਰੂ ਕਰ ਦਿੱਤਾ:-

ਰਾਮਕਲੀ ਮਹਲਾ ੧ ॥ ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ ॥ ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ ॥੧॥ ਗੁਰ ਤਾਰਿ ਤਾਰਣਹਾਰਿਆ ॥ ਦੇਹਿ ਭਗਤਿ ਪੂਰਨ ਅਵਿਨਾਸੀ ਹਉ ਤੁਝ ਕਉ ਬਲਿਹਾਰਿਆ ॥੧॥ ਰਹਾਉ ॥ ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ ॥ ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ ॥੨॥ ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥ ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ

ਸਬਦਿ ਨਿਬੇਰਾ ॥

ਗੁਰੂ ਜੀ ਨੇ ਬਾਲ ਨਾਥ ਨੂੰ ਸਮਝਾਇਆ ਕਿ ਸਮਾਜ ਦੀ ਬੇੜੀ ਪਾਪ ਨਾਲ ਨੱਕੋ ਨੱਕ ਹੈ ਇਸ ਕਰਕੇ ਜਰੂਰਤ ਹੈ ਇਨੂੰ ਬਚਾਉਣ ਦੀ ਕਿਤੇ ਕੋਈ ਹਨੇਰੀ ਆ ਗਈ ਤਾਂ ਇਨੇ ਡੁੱਬ ਜਾਣਾ ਏ। ਮੈਂ ਆਪਣੇ ਸਿੱਧ ਪੁਰਸ਼ਾਂ ਨੂੰ ਨਮਸਕਾਰ ਕਰਨ ਆਇਆ ਹਾਂ ਤੇ ਇਹ ਬੇਨਤੀ ਲੈ ਕੇ ਹਾਜਰ ਹੋਇਆ ਹਾਂ ਕਿ ਇਸ ਬੇੜੀ ਦਾ ਉਪਾਅ ਕੀਤਾ ਜਾਵੇ। ਨਾਲ ਹੀ ਗੁਰੂ ਸਾਹਿਬ ਨੇ ਇਸ਼ਾਰਾ ਦਿੱਤਾ ਮੈਂ ਕੋਈ ਸਮਾਧੀਆਂ ਲਾਉਣ ਵਾਲਾ ਜੋਗੀ ਨਹੀ ਮੈਂ ਤਾਂ ਨਾਮ ਭਾਵ ਸ਼ਬਦ ਨੂੰ ਹੀ ਮੋਹਰੇ ਰੱਖਿਆਂ। ਮੈਂ ਉਨਾਂ ਸਿੱਧਾਂ ਦੀ ਚਰਨ ਧੂੜ ਹਾਂ ਜਿਹੜੇ ਸ਼ਬਦ ਰਾਂਹੀ ਨਿਰੰਕਾਰ ਦੀ ਅਰਾਧਨਾ ਕਰਦੇ ਹਨ।

ਇਸ ਤਰਾਂ ਰੂਹਾਨੀਅਤ ਦੀਆਂ ਗੱਲਾਂ ਬਾਤਾਂ ਹੋਈਆਂ।

ਬਾਲ ਨਾਥ ਨੇ ਛੋਟੇ ਜੋਗੀ ਨੂੰ ਹੁਕਮ ਕੀਤਾ ਕਿ ਜਾਓ ਬਾਬਾ ਨਾਨਕ ਨੂੰ ਟਿੱਲੇ ਦੇ ਭੰਡਾਰੇ ਤੇ ਗੁਹਜ ਦਰਿਆਉ ਭਾਵ ਗੁਪਤ ਖਜਾਨੇ ਦੇ ਦਰਸ਼ਨ ਕਰਾ ਲਿਆਓ। ਗੁਰੂ ਸਾਹਿਬ ਨੂੰ ਜੋਗੀ ਬਹੁਤ ਡੂੰਘੀ ਗੁਫਾ ਵਿੱਚ ਲੈ ਗਿਆ। ਓਥੇ ਵੱਡਾ ਖਜਾਨਾ ਮੌਜੂਦ ਸੀ: ਹੀਰੇ, ਜਵਾਹਰਾਤ, ਲਾਲ, ਸੋਨਾ, ਚਾਂਦੀ ਤੇ ਹੋਰ ਬਹੁਮੁੱਲੀਆਂ ਵਸਤਾਂ। ਜਿਵੇ ਇਹ ਵਸਤਾਂ ਗੁਰੂ ਸਾਹਿਬ ਨੂੰ ਵਿਖਾਈਆਂ ਜਾ ਰਹੀਆਂ ਸਨ ਗੁਰੂ ਸਾਹਿਬ ਨੇ ਕਹਿ ਦਿੱਤਾ ਕਿ ਇਨਾਂ ਦੇ ਦਰਸ਼ਨ ਦੀ ਮੈਨੂੰ ਜਰੂਰਤ ਨਹੀ। ਨਾਲੇ ਉਨਾਂ ਇਹ ਵੀ ਕਹਿ ਦਿੱਤਾ ਕਿ ਸਾਧੂ ਸੰਤਾਂ ਨੂੰ ਕੀ ਜਰੂਰਤ ਹੈ ਇਹ ਕੁਝ ਸਾਂਭਣ ਦੀ।

ਜੋਗੀ ਸ਼ਰਮਿੰਦਾ ਹੋਇਆ ਗੁਰੂ ਸਾਹਿਬ ਨੂੰ ਭੰਡਾਰੇ (ਸਟੋਰ ਰੂਮ)



ਮਹਾਰਾਜਾ ਰਣਜੀਤ ਸਿੰਘ ਨੇ ਇਥੇ ਟਿੱਲੇ ਤੇ ਜੋਗੀਆਂ ਦਾ ਸਤਿਕਾਰ ਕਰਦੇ ਹੋਏ ਸਰੋਵਰ ਬਣਵਾ ਦਿੱਤਾ।

ਵਾਲੇ ਪਾਸੇ ਲੈ ਆਇਆ। ਇਹ ਵੀ ਰਸਦਾਂ ਨਾਲ ਭਰਪੂਰ ਸੀ। ਗੁਰੂ ਸਾਹਿਬ ਨੂੰ ਹੈਰਾਨੀ ਹੋਈ ਕਿ ਇਥੇ ਹਥਿਆਰਾਂ ਦਾ ਵੀ ਜਖੀਰਾ ਸੀ। ਸਾਰਾ ਕੁਝ ਬਾਦਸ਼ਾਹਾਂ ਵਾਲਾ ਵੇਖਿਆ ਗੁਰੂ ਸਾਹਿਬ ਨੇ ਟਿੱਲੇ ਤੇ।*

ਵਾਪਸ ਜਦੋਂ ਬਾਲ ਨਾਥ ਕੋਲ ਗੁਰੂ ਸਾਹਿਬ ਤੇ ਜੋਗੀ ਗਏ ਤੇ ਇਸ ਭੰਡਾਰੇ ਤੇ ਖਜਾਨੇ ਬਾਰੇ ਗੱਲਾਂ ਹੋਈਆਂ। ਬਾਲ ਨਾਥ ਨੇ ਕਿਹਾ ਕਿ ਅਸੀ ਕੁਝ ਵੀ ਨਹੀ ਖਰੀਦ ਦੇ। ਸਖੀ ਲੋਕ ਇਥੇ ਦਾਨ ਦਈ ਜਾ ਰਹੇ ਨੇ ਸੰਤੋਖੀ ਖਾ ਰਹੇ ਨੇ। ਆਏ ਗਏ ਸਭ ਸੰਤੁਸ਼ਟ ਜਾ ਰਹੇ ਨੇ। ਅਸੀ ਤਾਂ ਬਸ ਸੇਵਾਦਾਰ ਹਾਂ।

----◈-----

**ਬਾਲਨਾਥ ਕਹਿੰਦਾ "ਗੁਰੂ ਜੀ ਬਥੇਰਾ ਘੁੰਮ ਲਿਆ, ਹੁਣ ਕੋਈ ਟਿਕਾਣਾ ਬਣਾ ਕੇ ਬਹਿ ਜਾਓ ■** - ਇਸ ਮੌਕੇ ਤੇ ਬਾਲ ਨਾਥ ਨੇ ਗੁਰੂ ਸਾਹਿਬ ਨੂੰ ਸਲਾਹ ਦਿੱਤੀ ਕਿ ਤੁਸੀ ਦੁਨੀਆ ਦਾ ਭਰਮਣ ਕਰ ਰਹੇ ਹੋ ਇੱਕ ਟਿਕਾਣਾ (ਮੁਕਾਮ) ਵੀ ਬਣਾਓ। ਜਿੱਥੇ ਤੁਹਾਡੇ ਸ਼ਰਧਾਲੂ ਆਪਸ ਵਿੱਚ ਮੇਲ ਮਿਲਾਪ ਕਰ ਸਕਣ। ਇਹ ਗੱਲ ਗੁਰੂ ਸਾਹਿਬ ਨੂੰ ਨਵਾਬ ਦੌਲਤ ਖਾਂ ਲੋਧੀ ਨੇ ਵੀ ਕਹੀ ਸੀ। ਗੁਰੂ ਸਾਹਿਬ ਨੇ ਕਿਹਾ ਕਿ ਮੈਂ ਨਿਰੰਕਾਰ ਦੇ ਨਾਮ ਦਾ ਢਿੰਡੋਰਾ ਪੂਰੇ ਹਿੰਦੁਸਤਾਨ ਵਿੱਚ ਪਿੱਟ ਆਇਆ ਹਾਂ। ਬਸ ਹੁਣ ਸਨਿਆਸੀਆਂ ਵਾਲਾ ਬਾਣਾ ਲਾਹ ਦੇਵਾਂਗਾ ਤੇ ਰਹਿੰਦਾ ਪੰਜਾਬ ਦਾ ਵਿੱਚ ਵਿਚ ਗੇੜਾ ਕੱਢਾਂਗਾ।

ਬਾਲ ਨਾਥ ਨੇ ਵੀ ਗੁਰੂ ਸਾਹਿਬ ਦੇ ਚਰਨ ਚਿਨ੍ਹ ਪੱਥਰ ਤੇ ਉਕਰਵਾ ਲਏ। ਕੁਝ ਸਾਲ ਤੱਕ ਇਹ ਚਰਨ ਪਾਦੁਕਾ ਮੌਜੂਦ ਸੀ। ਹੁਣ ਪਤਾ ਨਹੀ ਬਚੀ ਹੈ ਕਿ ਨਹੀ। ਜਿਵੇ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਇਥੋਂ ਪੁਰਾਨੀਆਂ ਮੂਰਤੀਆਂ ਆਦਿ ਸਭ ਚੋਰੀ ਹੋ ਚੁੱਕੀਆ ਹਨ।

-----◈-----

## ਚੋਆ ਸਾਹਿਬ ਰੋਹਤਾਸ

ਪਹਾੜੋਂ ਉੱਤਰ, ਜੋਗੀਆਂ ਨੂੰ ਸਰਬਵਿਆਪਕ ਨਿਰੰਕਾਰ ਦੀ ਹੋਂਦ ਦ੍ਰਿੜਾ ਅਤੇ ਨਾਮ ਨਾਲ ਜੋੜ ਕੇ ਸਾਹਿਬ 24 ਕਿ. ਮੀ ਦਾ ਪੈਂਡਾ ਤਹਿ ਕਰਕੇ ਇਤਹਾਸਿਕ ਕਸਬਾ ਰੋਹਤਾਸ ਪਹੁੰਚੇ। ਰੋਹਤਾਸ ਵੀ ਹਕੂਮਤ ਦਾ ਕੋਈ ਮਰਕਜ਼ ਸੀ। ਜਿਸ ਬਾਰੇ ਇਤਹਾਸਿਕ ਕਿਤਾਬਾਂ ਸਿਰਫ ਸ਼ੇਰ ਸ਼ਾਹ ਸੂਰੀ ਤੋ ਸ਼ੁਰੂ ਕਰਦੀਆਂ

ਪੈੜ ਸਫਾ

ਗੁਰੂ ਸਾਹਿਬ ਦਾ ਜੋਗੀਆਂ ਤੇ ਬਹੁਤ ਛੇਤੀ ਅਸਰ ਪੈਂਦਾ ਸੀ ਕਿਉਕਿ ਉਹਨਾਂ ਨੂੰ ੧ਓ ਨਿਰੰਕਾਰ ਦੀ ਹੋਂਦ ਦਾ ਗਿਆਨ ਨਹੀ ਸੀ। ਦੂਸਰੀ ਗੱਲ ਇਹ ਕਿ ਟਿੱਲਾ ਜੋਗੀਆਂ ਮੁਸਲਮਾਨ ਇਲਾਕੇ ਵਿੱਚ ਸੀ ਜਿਸ ਕਰਕੇ ਜੋਗੀ ਵੀ ਇਸਲਾਮ ਦੇ ਫੈਲਾਅ ਨੂੰ ਰੋਕਣ ਵਿੱਚ ਅਸਹਾਈ ਮਹਿਸੂਸ ਕਰ ਰਹੇ ਸਨ ਤੇ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਅਪਣਾਉਣਾ ਉਹਨਾਂ ਦੀ ਇੱਕ ਤਰਾਂ ਨਾਲ ਜਰੂਰਤ ਵੀ ਬਣ ਗਈ ਸੀ। ਏਹੋ ਕਾਰਨ ਹੈ ਇਸ ਇਲਾਕੇ ਵਿੱਚ ਗੁਰੂ ਸਾਹਿਬ ਦੀ ਯਾਦ ਵਿੱਚ ਅੱਜ ਕੋਈ ਦਰਜਨ ਕੁ ਸਥਾਨ ਇਸ ਇਲਾਕੇ ਵਿੱਚ ਹਨ। ਜਿਵੇ ਚੋਆ ਸਾਹਿਬ, ਟਿੱਲਾ, ਮੀਰਪੁਰ, ਡਿੰਗਾ, ਚੌਟਾਲਾ, ਜਲਾਲਪੁਰ, ਹਰਨਪੁਰ, ਪਿੰਡ ਦਾਦਨ ਖਾਂ, ਜੈਸਕ, ਕਟਾਸ ਆਦਿ। ਇਹ ਸਾਰੇ ਪਿੰਡ/ਸ਼ਹਿਰ ਕਰੀਬ 40 ਕਿ.ਮੀ ਦੇ ਦਾਇਰੇ ਵਿੱਚ ਹਨ ਇਸ ਕਰਕੇ ਇਹ ਕਹਿਣਾ ਵੀ ਮੁਸ਼ਕਲ ਹੈ ਕਿ ਕਿਹੜੇ ਪਿੰਡ ਸਾਹਿਬ ਪਹਿਲਾਂ ਗਏ ਤੇ ਕਿਥੇ ਬਾਦ ਵਿਚ। ਇਥੇ ਅਸੀ ਸਿਰਫ ਅੰਦਾਜ਼ਾ ਦਿੱਤਾ ਹੈ।

* ਇਹ ਸ਼ਾਇਦ ਖਜਾਨਾ ਹੀ ਕਾਰਨ ਸੀ ਕਿ 1947 ਵਿੱਚ ਜਦੋਂ ਬਾਕੀ ਸਾਰੀ ਹਿੰਦੂ ਸਿੱਖ ਅਬਾਦੀ ਹਿਜਰਤ ਕਰਕੇ ਭਾਰਤ ਆ ਗਈ ਪਰ ਟਿੱਲੇ ਦੇ ਜੋਗੀਆਂ ਨੇ ਟਿੱਲਾ ਨਾਂ ਛੱਡਿਆ ਤੇ ਓਥੇ ਹੀ ਜੰਮੇ ਰਹੇ। ਕਿਹਾ ਜਾਂਦਾ ਹੈ ਕਿ ਇਹਨਾਂ ਦੀ ਗਿਣਤੀ ਹਜ਼ਾਰਾਂ ਵਿਚ ਸੀ। ਬਾਦ ਵਿੱਚ ਪੁਲਿਸ ਨੇ ਉਨਾਂ ਨੂੰ ਸਮਝਾ ਬੁਝਾ ਕੇ ਓਥੋਂ ਰਵਾਨਾ ਕੀਤਾ। ਇਹ ਅਗਸਤ 1947 ਤੋਂ ਕਿਤੇ ਬਾਦ ਦੀ ਗੱਲ ਹੈ।

ਅਬਦਾਲੀ ਦਾ ਹਮਲਾ ਤੇ ਮੁਕਾਮੀ ਲੋਕਾਂ ਵਲੋ ਇਸ ਥਾਂ ਦੀ ਪੁੱਟ ਪੁਟਾਈ ਦਾ ਵੀ ਇਹੋ ਕਾਰਨ ਹੈ।

ਯਾਦ ਰਹੇ 25 ਨਵੰਬਰ1947 ਨੂੰ ਇਸ ਇਲਾਕੇ ਭਾਵ ਮੀਰ ਪੁਰ ਵਿਚ ਵਿੱਚ ਵੱਡਾ ਕਤਲੇਆਮ ਵੀ ਹੋਇਆ ਸੀ। ਜਿਸ ਵਿਚ 20,000 ਸਿੱਖ ਮਾਰ ਦਿਤਾ ਗਇਆ ਸੀ ਤੇ ਕੋਈ 5000 ਔਰਤਾਂ ਤੇ ਲੜਕੀਆਂ ਨੂੰ ਅਗਵਾਹ ਕਰ ਲਿਆ ਸੀ। ਇਹ ਪਾਕਿਸਤਾਨੀ ਕਬਾਈਲੀ ਅਤੇ ਫੌਜੀਆਂ ਵਲੋਂ ਕੀਤਾ ਗਇਆ ਸੀ।

■ ਸੋਢੀ-ਦੂਜਾ: 174, ⊙ ਗਿਆਨੀ-287, ○ ਗੁਰਧਾਮ ਸੰਗ੍ਰਿਹ-21

http://odysseuslahori.blogspot.com/2013/05/TillaJogian.html
https://en.wikipedia.org/wiki/1947_Mirpur_massacre




ਟਿੱਲਾ ਜੋਗੀਆਂ ਸਮੁੰਦਰੀ ਸਤਾਹ ਤੋਂ 3200 ਫੁੱਟ ਉੱਚਾ ਹੈ। ਇਹ ਫੋਟੋ ਜਲਾਲਪੁਰ ਸ਼ਰੀਫ ਤੋਂ ਲਈ ਗਈ ਹੈ ਜੋ ਟਿੱਲੇ ਤੋਂ 22 ਕਿ. ਮੀ ਹਟਵਾ ਹੈ।

ਹਨ ਕਿ ਸੂਰੀ ਨੇ ਓਥੇ ਕਿਲ੍ਹਾ ਬਣਵਾਇਆ। ਦਰ ਅਸਲ ਸੂਰੀ ਤੋਂ ਪਹਿਲਾਂ ਵੀ ਇਥੇ ਕੋਈ ਛੋਟਾ ਮੋਟਾ ਹੁਕਮਰਾਨ ਸੀ। ਅੰਦਾਜ਼ਾ ਹੈ ਕਿ ਭਿੰਬਰ ਦੇ ਰਾਜਪੂਤ ਰਾਜਿਆਂ ਦਾ ਹੀ ਇਥੇ ਕੋਈ ਛੋਟਾ ਮੋਟਾ ਕਿਲ੍ਹਾ ਆਦਿ ਹੋਵੇਗਾ।

ਜਦੋਂ ਗੁਰੂ ਸਾਹਿਬ ਇਥੇ ਆਏ ਇੱਕ ਜੈਨ ਸਾਧੂ ਮਾਣਕ ਚੰਦ ਦੀ ਇਲਾਕੇ ਵਿੱਚ ਚਰਚਾ ਸੀ। ਗੁਰੂ ਸਾਹਿਬ ਉਸ ਦੇ ਡੇਰੇ ਤੇ ਗਏ ਨਿਰੰਕਾਰ ਦੀ ਹੋਂਦ ਦਾ ਗਿਆਨ ਕਰਵਾਇਆ ਅਤੇ ਦੱਸਿਆ ਕਿ ਰੱਬ ਦੇ ਜਗਿਆਸੂਆਂ ਨੂੰ ਸਤਿਨਾਮ ਵਡਿਆਈਆਂ ਦੇ ਲੜ ਲੱਗਣਾ ਚਾਹੀਦਾ। ਕਿਉਕਿ ਭਾਰਤ ਭਰਮਣ ਦੌਰਾਨ ਗੁਰੂ ਸਾਹਿਬ ਕਈ ਥਾਈਂ ਜੈਨੀ ਸਾਧੂਆਂ ਨੂੰ ਪਹਿਲਾਂ ਹੀ ਮਿਲ ਚੁੱਕੇ ਸਨ। ਮਾਣਕ ਚੰਦ ਛੇਤੀ ਹੀ ਗੁਰੂ ਸਾਹਿਬ ਦੇ ਚਰਨੀ ਲੱਗ ਗਿਆ ਤੇ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ।

ਜਦੋਂ ਗੁਰੂ ਸਾਹਿਬ ਇਥੇ ਪਧਾਰੇ ਲੋਕਾਂ ਨੂੰ ਪਾਣੀ ਲੈਣ ਦੂਰ ਜਾਣਾ ਪੈਂਦਾ ਸੀ ਜਾਂ ਬਰਸਾਤ ਦਾ ਪਾਣੀ ਇਕੱਠਾ ਕਰਕੇ ਰੱਖਦੇ ਸਨ। ਓਥੇ ਪਹਾੜੀ ਤੇ ਗੁਰੂ ਸਾਹਿਬ ਨੇ ਸੋਟੀ ਮਾਰ ਕੇ ਇਸ਼ਾਰਾ ਦਿੱਤਾ ਕਿ ਇਥੋਂ ਪੁਟੋਂ। ਥੋੜਾ ਹੀ ਪੁਟਣ ਤੇ ਨਿਰਮਲ ਜਲ ਦਾ ਸੋਮਾ ਫੁੱਟ ਪਿਆ ਜੋ ਅੱਜ ਤੱਕ ਜਾਰੀ ਹੈ। ਇਹ ਚਸ਼ਮਾ ਕਿਲ੍ਹੇ ਦੇ ਕਾਬਲੀ ਦਰਵਾਜੇ ਕੋਲ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਹੁਕਮ ਤਹਿਤ ਇਥੇ ਫਿਰ ਸੰਨ 1834 ਈ. 'ਚ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਬਣਾਇਆ ਗਿਆ। ਜੋ ਅੱਜ ਵੀ ਮੌਜੂਦ ਹੈ। ਗੁਰਦੁਆਰਾ ਸਾਹਿਬ ਦੇ ਨਾਲ ਹੀ ਇਤਿਹਾਸਕ ਚਸ਼ਮਾ ਤੇ ਸਰੋਵਰ ਹੈ। ਚੋਆ ਸਾਹਿਬ ਗੁਰਦੁਆਰੇ ਤੋਂ ਅੱਧਾ ਕਿ. ਮੀ ਹਟਵਾ ਘਾਣ ਨਾਂ ਦਾ ਨਾਲਾ ਵਹਿੰਦਾ ਹੈ। ਪਾਕਿਸਤਾਨ ਸਰਕਾਰ ਨੇ ਅੱਜ ਕਲ੍ਹ ਹੀ (ਭਾਵ 2019 ਵਿਚ) ਗੁਰਦੁਆਰਾ ਸਾਹਿਬ ਦੀ ਮਾੜੀ ਮੋਟੀ ਕਾਰ ਸੇਵਾ ਕਰਵਾਈ ਹੈ।



ਰੋਹਤਾਸ ਦੇ ਨਾਲ ਹੀ (ਮਸਾਂ 3 ਕਿ.ਮੀ) ਇਕ ਹਿੰਦੂ ਮੰਦਰ ਦੇ ਖੰਡਰਾਤ ਮੌਜੂਦ ਨੇ ਜਿਸ ਦੀ ਅਮੀਰ ਬਣਤਰ ਦੱਸਦੀ ਹੈ ਕਿ ਕਿਵੇ ਇਥੇ ਵੀ ਹਿੰਦੂਮਤ ਦੀ ਕਦੀ ਵੱਡੀ ਚੜ੍ਹਤ ਸੀ। ਸਾਹਿਬ ਇਥੇ ਵੀ ਆਏ ਹੀ ਹੋਣਗੇ।

ਗੁਰੂ ਸਾਹਿਬ ਦੀ ਇਸ ਇਲਾਕੇ ਨੂੰ ਬਖਸ਼ਸ਼ ਕਰਕੇ ਇਥੇ ਸਿੱਖਾਂ ਦੀ ਵੱਡੀ ਸੰਗਤ ਹੋਈ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸਾਹਿਬ ਕੌਰ ਵੀ ਇਸੇ ਸ਼ਹਿਰ ਤੋਂ ਹੀ ਸਨ ਜਿੰਨਾਂ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਹਾਸਲ ਹੈ।

-----◆-----

**ਭਿੰਬਰ–** ਰੋਹਤਾਸ ਤੋਂ ਕੋਈ 50 ਕਿ. ਮੀ ਪੂਰਬ ਚਲ ਕੇ ਗੁਰੂ ਸਾਹਿਬ ਭਿੰਬਰ ਗਏ। ਕਿਉਕਿ ਗੁਰੂ ਸਾਹਿਬ ਨੂੰ ਪਤਾ ਲੱਗਾ ਸੀ



ਚੋਆ ਸਾਹਿਬ ਰੋਹਤਾਸ। ਗੁਰੂ ਸਾਹਿਬ ਦੇ ਜਾਰੀ ਕੀਤੇ ਚਸ਼ਮੇ ਤੋਂ ਬਣਾਇਆ ਸਰੋਵਰ।

ਕਿ ਓਥੋਂ ਦਾ ਜਵਾਨ ਰਾਜਾ ਧਰਮ ਚੰਦ ਕਟੋਚ ਬੜਾ ਕੱਟੜ, ਹੰਕਾਰੀ ਅਤੇ ਅਨਿਆਈ ਹੈ। ਗੁਰੂ ਸਾਹਿਬ ਨੇ ਭਿੰਬਰ ਪਹੁੰਚ ਉਨੂੰ ਰਾਹੇ ਪਾਉਣਾ ਚਾਹਿਆ। ਇਸ ਰਾਜੇ ਤੇ ਗੁਰੂ ਸਾਹਿਬ ਦੀਆਂ ਸਿਖਿਆਵਾਂ ਨੇ ਡੂੰਘਾ ਅਸਰ ਕੀਤਾ। ਹੁਣ ਉਹ ਫਿਰਕਾਪ੍ਰਸਤ ਕਿਸਮ ਦਾ ਹੁਕਮਰਾਨ ਨਹੀ ਸੀ ਰਹਿ ਗਇਆ। ਬਾਦ ਵਿੱਚ ਵਕਤ ਪਾ ਕੇ ਬਾਬਰ ਬਾਦਸ਼ਾਹ ਨੇ ਆਪਣੀ ਧੀ ਦਾ ਡੋਲਾ ਇਨੂੰ ਦੇ ਦਿੱਤਾ। ਵਿਆਹ ਕਾਰਨ ਇਹਦਾ ਨਾਂ ਵੀ ਬਦਲ ਕੇ ਸ਼ਾਦੀ ਖਾਂ ਕਰ ਦਿੱਤਾ। ਹੌਲੀ ਹੌਲੀ ਇਹਦਾ ਸਾਰਾ ਪ੍ਰਵਾਰ ਮੁਸਲਮਾਨ ਹੀ ਹੋ ਗਿਆ। ਬਾਦ ਇਹਨੇ ਹਮਾਯੂ ਦੀ ਭਤੀਜੀ ਭਾਵ ਪੀਰ ਹੈਬਤ ਦੀ ਧੀ ਨਾਲ ਵੀ ਸ਼ਾਦੀ ਕਰ ਲਈ ਤੇ ਬਾਦ ਵਿੱਚ ਪੀਰ ਹੈਬਤ ਨੇ ਹੀ ਇਨੂੰ ਮਾਰ ਦਿੱਤਾ। ਸਾਹਿਬ ਦੀ ਆਮਦ ਦੀ ਯਾਦ ਵਿਚ ਇਥੇ ਗੁਰਦੁਆਰਾ ਸਾਹਿਬ ਵੀ ਹੁੰਦਾ ਸੀ।*

**ਜੇਹਲਮ ਸ਼ਹਿਰ-** ਕੁਦਰਤੀ ਹੈ ਭਿੰਬਰ ਨੂੰ ਜਾਂਦਿਆਂ ਗੁਰੂ ਸਾਹਿਬ ਜਿਹਲਮ ਸ਼ਹਿਰ ਰਸਤੇ ਹੀ ਗਏ। ਪਰ ਬਦਕਿਸਮਤੀ ਨਾਲ ਗੁਰੂ ਸਾਹਿਬ ਦੀ ਜਿਹਲਮ ਫੇਰੀ ਬਾਰੇ ਸਾਨੂੰ ਇਤਹਾਸ ਵਿਚੋਂ ਕੋਈ ਜਿਕਰ ਨਹੀ ਮਿਲਿਆ, ਹਾਲਾਂ ਇਤਹਾਸਿਕ ਤੌਰ ਤੇ ਇਹ ਬਹੁਤ ਹੀ ਮਹੱਤਵਪੂਰਨ ਸਥਾਨ ਰਿਹਾ ਹੈ। ਯੂਨਾਨੀ ਬਾਦਸ਼ਾਹ ਸਿਕੰਦਰ ਦੀ ਪੋਰਸ ਜਿਹੇ ਪੰਜਾਬੀ ਰਾਜਿਆ ਨਾਲ ਲੜਾਈ ਵੀ ਇਥੇ ਹੀ ਹੋਈ ਸੀ। ◘

-----◆-----

ਭਿੰਬਰ ਵਲੋਂ ਪਰਤਦਿਆ ਸਾਹਿਬ ਜਿਹਲਮ ਦਰਿਆ ਪਾਰ ਕਰਕੇ ਪਿੰਡ ਦਾਦਨ ਖਾਂ ਵਲ ਚਲ ਰਹੇ ਸਨ। ਅੱਗੇ ਵੱਡਾ ਪਿੰਡ ਜਲਾਲਪੁਰ ਆਇਆ। ਇਥੇ ਵੀ ਗੁਰੂ ਸਾਹਿਬ ਦੀ ਯਾਦਗਾਰ ਹੁੰਦੀ ਸੀ।○ ਪਰ ਹੁਣ ਪਤਾ ਲੱਗਦਾ ਹੈ ਕਿ ਲੋਕਾਂ ਨੇ ਗੁਰਦੁਆਰੇ ਵਾਲੀ ਥਾਂ ਤੇ ਰਹਾਇਸ਼ਾਂ ਬਣਾਂ ਲਈਆਂ ਨੇ। ਇਸ ਸ਼ਹਿਰ ਵਿੱਚ ਵੀ ਸਾਹਿਬ ਨੇ ਕੋਈ ਕੌਤਕ ਕੀਤਾ ਜੋ ਇਤਹਾਸ ਸਾਂਭ ਨਹੀ ਸਕਿਆ। ਇਹ ਉਹ ਸ਼ਹਿਰ ਹੈ ਜਿੱਥੇ ਬਾਦਸ਼ਾਹ ਸਿਕੰਦਰ ਦਾ ਪਿਆਰਾ ਘੋੜਾ ਮਰ ਗਿਆ ਸੀ। ਇਥੇ ਉਸ ਘੋੜੇ ਦੀ ਕਬਰ ਹੁੰਦੀ ਸੀ।


1000 ਸਾਲ ਪੁਰਾਣਾ ਕਿਲਾ ਨੰਦਨਾ ਦਾ ਮੰਦਰ। ਹੋ ਸਕਦੈ ਗੁਰੂ ਸਾਹਿਬ ਵੀ ਆਏ ਹੋਣ।

ਇਸ ਤੋਂ ਅੱਗੇ ਬਾਬਾ ਜੀ ਜਿਹਲਮ ਦਰਿਆ ਦੇ ਨਾਲ ਨਾਲ ਪੱਛਮ ਨੂੰ ਗਏ ਜਿੱਥੇ ਅੱਜ ਪਿੰਡ ਹਰਨਪੁਰ ਹੈ। ਇਥੇ ਗੁਰੂ ਹਰਗੋਬਿੰਦ ਸਾਹਿਬ ਨੇ ਵੀ ਚਰਨ ਪਾਏ ਸਨ।○ ਹਾਲਾਂ ਇਹ ਪਿੰਡ ਬਾਦਸ਼ਾਹ ਜਹਾਂਗੀਰ ਨੇ ਬੱਧਾ ਸੀ ਜਿੱਥੇ ਉਸ ਦੇ ਸਾਥੀ ਨੇ ਹਰਨ ਦਾ ਸ਼ਿਕਾਰ ਕੀਤਾ। ਹੋ ਸਕਦਾ ਪਹਿਲਾਂ ਅਬਾਦੀ ਦਾ ਨਾਂ ਕੁਝ ਹੋਰ ਹੋਵੇ।

ਜਿਹਲਮ ਦੇ ਨਾਲ ਨਾਲ ਹੀ 12 ਕਿ. ਮੀ ਦਾ ਪੈਂਡਾ ਕਰਕੇ ਸਾਹਿਬ ਪਿੰਡ ਦਾਦਨ ਖਾਂ ਪਹੁੰਚੇ। ਜਿੱਥੇ ਗੁਰੂ ਸਾਹਿਬ ਨੇ ਰਾਤ ਬਿਤਾਈ ਓਥੇ ਹਾਜੀਆਂ ਦਾ ਇੱਕ ਜੱਥਾ ਵੀ ਠਹਿਰਿਆ ਹੋਇਆ ਸੀ। ਓਹ ਮੱਕੇ ਵਲ ਜਾ ਰਹੇ ਸਨ। ਮਰਦਾਨੇ ਦਾ ਵੀ ਜੀਅ ਕਰ ਆਇਆ ਕਿ ਮੱਕੇ ਦਾ ਹੱਜ ਵੀ ਕਰ ਲਿਆ ਜਾਵੇ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਭਾਈ ਹੌਸਲਾ ਰੱਖ ਤੈਨੂੰ ਮੱਕੇ ਵੀ ਲੈ ਕੇ ਜਾਵਾਂਗੇ।○

ਸਾਹਿਬ ਦੀ ਆਮਦ ਦਾ ਜਿਕਰ ਤਾਂ ਹੈ ਪਰ 1933 ਈ. ਤੱਕ ਇਥੇ ਕੋਈ ਯਾਦਗਾਰੀ ਗੁਰਦੁਆਰਾ ਨਹੀ ਸੀ।■

-----◈-----

## ਕਟਾਸਰਾਜ ਧਰਤੀ ਦੀ ਅੱਖ

ਪਿੰਡ ਦਾਦਨ ਖਾਂ ਤੋਂ 26 ਕਿ. ਮੀ. ਦਾ ਪੈਡਾ ਕਰਕੇ ਅਪਰੈਲ 1521 (ਵਸਾਖੀ, ਸੰਮਤ 1578) ਨੂੰ ਗੁਰੂ ਸਾਹਿਬ ਪ੍ਰਸਿੱਧ ਹਿੰਦੂ ਤੀਰਥ ਅਸਥਾਨ ਕਟਾਸਰਾਜ ਪਹੁੰਚੇ।

✚ ਸਾਈਕਲ ਯਾਤਰੀ ਅਨੁਸਾਰ (1933 ਈ) ਗੁਰੂ ਸਾਹਿਬ ਦਾ ਯਾਦਗਾਰੀ ਸਥਾਨ ਬਾਰਾਦਰੀ ਕਰਕੇ ਮਸ਼ਹੂਰ ਹੈ ਜੋ ਜਲ-ਕੁੰਡ ਦੇ ਸੱਜੇ ਹੱਥ ਹੈ ਮਤਲਬ ਕਟਾਸਰਾਜ ਕੁੰਡ ਦੇ ਚੜ੍ਹਦੇ ਪਾਸੇ ਕੰਢੇ ਤੇ ਟਾਹਲੀ ਦੇ ਰੁੱਖ ਹੇਠ। "ਗੁਰੂ ਗ੍ਰੰਥ ਸਾਹਿਬ ਤਾਂ ਮੌਜੂਦ ਹੈ ਪਰ ਪ੍ਰਕਾਸ਼ ਕਦੀ ਕਦਾਈ ਹੀ ਹੁੰਦਾ ਹੈ। ਇਹ ਗੁਰਦੁਆਰਾ ਭਾਈ ਪਰਾਗਾ ਭਾਈ ਮਤੀ ਦਾਸ ਦੀ ਓਲਾਦ ਭਾਵ ਕੜਿਆਲੇ ਵਾਲੇ ਪੰਡਤਾਂ ਦੇ ਕਬਜੇ ਹੇਠ ਹੈ।"



ਪਿੰਡ ਦਾਦਨ ਖਾਂ ਦਾ ਇਕ ਮੰਦਰ

ਇਹ ਹਿੰਦੂਆਂ ਦੇ 52 ਸ਼ਕਤੀ ਪੀਠਾਂ ਵਿਚੋਂ ਇੱਕ ਹੈ ਜਿੰਨਾਂ ਬਾਰੇ ਵਿਸਥਾਰ ਨਾਲ ਜਿਕਰ ਪੰਨਾ 151 ਤੇ ਆ ਚੁੱਕਾ ਹੈ। ਹਿੰਦੂ ਮਿਥਹਾਸ ਅਨੁਸਾਰ ਇਸ ਅਸਥਾਨ ਤੇ ਆ ਕੇ ਭਗਵਾਨ ਸ਼ਿਵ ਜੀ ਨੇ ਪਾਰਬਤੀ ਦੀ ਮੌਤ ਤੇ ਅਥਰੂ ਵਗਾਏ ਸਨ। ਇਥੋਂ ਦਾ ਤਲਾਬ ਉਨਾਂ ਅਥਰੂਆਂ ਦਾ ਪ੍ਰਤੀਕ ਗਿਣਿਆ ਜਾਂਦਾ ਹੈ। ਜਿਵੇ ਕਿ ਪੰਜਾਬ ਦੇ ਦੁਆਲੇ ਦੇ ਸਾਰੇ ਪਹਾੜੀ ਧਾਰਮਿਕ ਅਸਥਾਨਾਂ ਦੀ ਕਥਾ ਹੈ ਇਸ ਅਸਥਾਨ ਨੂੰ ਵੀ ਪਾਂਡਵਾ ਨਾਲ ਜੋੜਿਆ ਜਾਂਦਾ ਹੈ।

ਕਟਾਸ ਰਾਜ ਨੂੰ ਹਿੰਦੂ ਲੋਕ ਧਰਤੀ ਦੀ ਸੱਜੀ ਅੱਖ ਮੰਨਦੇ ਹਨ ਜਦੋਂ ਕਿ ਖੱਬੀ ਅੱਖ ਰਾਜਸਥਾਨ ਦਾ ਪੁਸ਼ਕਰ ਰਾਜ ਹੈ। ਮਤਲਬ ਹਿੰਦੂ ਮਿਥਹਾਸ ਮੁਤਾਬਿਕ ਇਥੇ ਪਾਰਬਤੀ ਦੀ ਸੱਜੀ ਅੱਖ ਡਿੱਗੀ ਸੀ।

ਇਤਹਾਸਕਾਰਾਂ ਅਨੁਸਾਰ ਇਹ ਵੀ ਮੂਲ ਵਿੱਚ ਬੋਧੀ ਅਸਥਾਨ ਹੀ ਸੀ। ਇਥੇ ਮੰਦਰਾਂ ਦੇ ਲਾਗੇ ਹੀ ਬੋਧੀ ਸਤੂਪ ਦੀ ਨੀਂਹ ਜਾਂ ਅਧਾਰ ਵੀ ਹੁਣ ਨੰਗਾ ਹੋ ਚੁੱਕਾ ਹੈ। ਅਫਗਾਨਿਸਤਾਨ ਦੇ ਸ਼ਾਹੀ ਖਾਨਦਾਨ ਦੇ ਰਾਜਿਆਂ ਨੇ ਇਥੇ ਬਹੁਤ ਹੀ ਸ਼ਾਨਦਾਰ ਮੰਦਰ ਬਣਵਾਏ।

ਇਸ ਅਸਥਾਨ ਤੇ ਗੁਰੂ ਸਾਹਿਬ ਦੇ ਪਹੁੰਚਣ ਤੇ ਪਾਂਡਿਆਂ ਨੇ ਉਨਾਂ ਦਾ ਸਵਾਗਤ ਕੀਤਾ ਤੇ ਜਿਵੇ ਹਰ ਥਾਂ ਹੁੰਦਾ ਸੀ ਜਗਰਾਤਾ



ਗੁਰੁਦਆਰਾ ਸਾਹਿਬ ਕਟਾਸਰਾਜ (ਸਾਈਕਲ ਯਾਤਰੀ :20 ਨਵੰਬਰ 1933)

ਪੈੜ ਸਫਾ

✚ ਇਹ ਨਿਸ਼ਚੇ ਨਾਲ ਕੁਝ ਨਹੀ ਕਿਹਾ ਜਾ ਸਕਦਾ ਕਿ ਸਾਹਿਬ ਰੋਹਤਾਸ ਤੋਂ ਕਿੱਧਰ ਨੂੰ ਨਿਕਲੇ। ਅੰਦਾਜ਼ੇ ਹੀ ਹਨ।

◘ ਜਿਹਲਮ ਫੇਰੀ ਬਾਬਤ ਤਾਂ ਅੰਦਾਜ਼ੇ ਹੀ ਲਗਾਏ ਜਾ ਸਕਦੇ ਹਨ। ਇਹ ਤਾਂ ਸਬੂਤ ਮਿਲਦਾ ਹੈ ਕਿ ਸਾਹਿਬ ਨੇ ਇਹ ਇਲਾਕਾ ਚੰਗੀ ਤਰਾਂ ਗਾਹਿਆ ਸੀ। ਸੋ ਕੁਦਰਤੀ ਹੈ ਉਹਨਾਂ ਨੇ ਜੇਹਲਮ ਜਿਹੇ ਮਹੱਤਵਪੂਰਨ ਸ਼ਹਿਰ ਨੂੰ ਨਹੀ ਛੱਡਿਆ ਹੋਵੇਗਾ। ਭਿੰਬਰ ਆਮਦ ਬਾਰੇ ਗਿਆਨੀ ਨੇ ਵੀ ਲਿਖਿਆ ਹੈ।


○ ਬਰਵਾਲਾ-54/55 (ਹਰਨ ਪੁਰ ਦੀ ਥਾਂ ਰਤਨਪੁਰ ਲਿਖ ਦਿਤਾ ਹੈ)

■ ਸਾਈਕਲ ਯਾਤਰੀ -764, ✚ ਸਾਈ. ਯਾਤਰੀ -776, *ਬਰਵਾਲਾ-72

ਕੀਤਾ ਗਿਆ ਜਿਸ ਵਿੱਚ ਗੁਰੂ ਸਾਹਿਬ ਨੇ ਪੱਥਰ ਪੂਜਣ ਦੇ ਵਿਰੁਧ ਤੇ ਗੁਰੂ ਦੀ ਮਹਿਮਾ ਤੇ ਜੋਰ ਦਿੱਤਾ। ਬਣ ਰਹੇ ਧਾਰਮਿਕ ਤੇ ਰਾਜਨੀਤਕ ਹਾਲਾਤਾਂ ਬਾਰੇ ਪੰਡਿਆਂ ਨੂੰ ਸੁਚੇਤ ਕੀਤਾ।

ਮਰਦਾਨੇ ਦੀ ਰਬਾਬ ਤੇ ਹੇਠ ਸੋਭਾਵਾਨ ਸ਼ਬਦ ਏਥੇ ਹੀ ਉਚਾਰਨ ਕੀਤਾ। ਹੋਰ ਵੀ ਬਾਣੀ ਇਥੇ ਕਹੀ।

ਮਾਰੂ ਮਹਲਾ ੧ ॥ ਦਰਸਨੁ ਪਾਵਾ ਜੇ ਤੁਧੁ ਭਾਵਾ ॥ ਭਾਇ ਭਗਤਿ ਸਾਚੇ ਗੁਣ ਗਾਵਾ ॥ ਤੁਧੁ ਭਾਣੇ ਤੂ ਭਾਵਹਿ ਕਰਤੇ ਆਪੇ ਰਸਨ ਰਸਾਇਦਾ ॥੧॥ ਸੋਹਨਿ ਭਗਤ ਪ੍ਰਭੂ ਦਰਬਾਰੇ ॥ ਮੁਕਤੁ ਭਏ ਹਰਿ ਦਾਸ ਤੁਮਾਰੇ ॥ ਆਪੁ ਗਵਾਇ ਤੇਰੈ ਰੰਗਿ ਰਾਤੇ ਅਨਦਿਨੁ ਨਾਮੁ ਧਿਆਇਦਾ ॥੨॥ ਈਸਰੁ ਬ੍ਰਹਮਾ ਦੇਵੀ ਦੇਵਾ ॥ ਇੰਦ੍ਰ ਤਪੇ ਮੁਨਿ ਤੇਰੀ ਸੇਵਾ ॥ ਜਤੀ ਸਤੀ ਕੇਤੇ ਬਨਵਾਸੀ ਅੰਤੁ ਨ ਕੋਈ ਪਾਇਦਾ ॥੩॥ ਵਿਣੁ ਜਾਣਾਏ ਕੋਇ ਨ ਜਾਣੈ ॥ ਜੋ ਕਿਛੁ ਕਰੇ ਸੁ ਆਪਣ ਭਾਣੈ ॥ ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ ॥੪॥ ਜੋ ਤਿਸੁ ਭਾਵੈ ਸੋ ਨਿਹਚਉ ਹੋਵੈ ॥ ਮਨਮੁਖੁ ਆਪੁ ਗਣਾਏ ਰੋਵੈ ॥ ਨਾਵਹੁ ਭੁਲਾ ਠਉਰ ਨ ਪਾਏ ਆਇ ਜਾਇ ਦੁਖੁ ਪਾਇਦਾ ॥੫॥ ਨਿਰਮਲ ਕਾਇਆ ਊਜਲ ਹੰਸਾ ॥ ਤਿਸੁ ਵਿਚਿ ਨਾਮੁ ਨਿਰੰਜਨ ਅੰਸਾ ॥ ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ ਬਾਹੁੜਿ ਦੂਖੁ ਨ ਪਾਇਦਾ ॥੬॥ ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥ ਭੋਗਹੁ ਰੋਗ ਸੁ ਅੰਤਿ ਵਿਗੋਵੈ ॥ ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ ॥੭॥ ਗਿਆਨ ਵਿਹੂਣੀ ਭਵੈ ਸਬਾਈ ॥ ਸਾਚਾ ਰਵਿ ਰਹਿਆ ਲਿਵ ਲਾਈ ॥ ਨਿਰਭਉ ਸਬਦੁ ਗੁਰੂ ਸਚੁ ਜਾਤਾ ਜੋਤੀ ਜੋਤਿ ਮਿਲਾਇਦਾ ॥੮॥ ਅਟਲੁ ਅਡੋਲੁ ਅਤੋਲੁ ਮੁਰਾਰੇ ॥ ਖਿਨ ਮਹਿ ਢਾਹਿ ਫੇਰਿ ਉਸਾਰੇ ॥ ਰੂਪੁ ਨ ਰੇਖਿਆ ਮਿਤਿ ਨਹੀ ਕੀਮਤਿ ਸਬਦਿ ਭੇਦਿ ਪਤੀਆਇਦਾ ॥੯॥ ਹਮ ਦਾਸਨ ਕੇ ਦਾਸ ਪਿਆਰੇ ॥ ਸਾਧਿਕ ਸਾਚ ਭਲੇ ਵੀਚਾਰੇ ॥ ਮੰਨੇ ਨਾਉ ਸੋਈ ਜਿਣਿ ਜਾਸੀ ਆਪੇ ਸਾਚੁ ਦ੍ਰਿੜਾਇਦਾ ॥੧੦॥ ਪਲੈ ਸਾਚੁ ਸਚੇ ਸਚਿਆਰਾ ॥ ਸਾਚੇ ਭਾਵੈ ਸਬਦੁ ਪਿਆਰਾ ॥ ਤ੍ਰਿਭਵਣਿ ਸਾਚੁ ਕਲਾ ਧਰਿ ਥਾਪੀ ਸਾਚੇ ਹੀ ਪਤੀਆਇਦਾ ॥੧੧॥ ਵਡਾ ਵਡਾ ਆਖੈ ਸਭੁ ਕੋਈ ॥ ਗੁਰ ਬਿਨੁ ਸੋਝੀ ਕਿਨੈ ਨ ਹੋਈ ॥ ਸਾਚਿ ਮਿਲੈ ਸੋ ਸਾਚੇ ਭਾਏ ਨਾ ਵੀਛੁੜਿ ਦੁਖੁ ਪਾਇਦਾ ॥੧੨॥ ਧੁਰਹੁ ਵਿਛੁੰਨੇ ਧਾਹੀ ਰੁੰਨੇ ॥ ਮਰਿ ਮਰਿ ਜਨਮਹਿ ਮੁਹਲਤਿ ਪੁੰਨੇ ॥ ਜਿਸੁ ਬਖਸੇ ਤਿਸੁ ਦੇ ਵਡਿਆਈ ਮੇਲਿ ਨ ਪਛੋਤਾਇਦਾ ॥੧੩॥ ਆਪੇ ਕਰਤਾ ਆਪੇ ਭੁਗਤਾ ॥ ਆਪੇ ਤ੍ਰਿਪਤਾ ਆਪੇ ਮੁਕਤਾ ॥ ਆਪੇ ਮੁਕਤਿ ਦਾਨੁ ਮੁਕਤੀਸਰੁ ਮਮਤਾ ਮੋਹੁ ਚੁਕਾਇਦਾ ॥੧੪॥ ਦਾਨਾ ਕੈ ਸਿਰਿ ਦਾਨੁ ਵੀਚਾਰਾ ॥ ਕਰਣ ਕਾਰਣ ਸਮਰਥੁ ਅਪਾਰਾ ॥ ਕਰਿ ਕਰਿ ਵੇਖੈ ਕੀਤਾ ਅਪਣਾ ਕਰਣੀ ਕਾਰ ਕਰਾਇਦਾ ॥੧੫॥ ਸੇ ਗੁਣ ਗਾਵਹਿ ਸਾਚੇ ਭਾਵਹਿ ॥ ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ ॥ ਨਾਨਕੁ ਸਾਚੁ ਕਹੈ ਬੇਨੰਤੀ ਮਿਲਿ ਸਾਚੇ ਸੁਖੁ ਪਾਇਦਾ ॥



**ਕਟਾਸਰਾਜ** (ਤਸਵੀਰ ਫੈਜਾਨ ਨਕਵੀ)




ਕਟਾਸਰਾਜ ਵਿਖੇ ਮੌਜੂਦ ਬੋਧੀ ਸਤੂਪ ਦੇ ਖੰਡਰਾਤ ਸਾਬਤ ਕਰਦੇ ਹਨ ਕਿ ਕਟਾਸ ਮੂਲ ਵਿਚ ਬੋਧੀ ਵਿਹਾਰ ਹੀ ਸੀ। ਵਿਦਵਾਨਾਂ ਨੇ ਉਂਜ ਵੀ ਸਾਬਤ ਕਰ ਰੱਖਿਆ ਹੈ ਕਿ ਮਾਤਾ ਪਾਰਬਤੀ ਵਾਲੀ ਕਹਾਣੀ ਬੁੱਧਮਤ ਤੋਂ ਹੀ ਆਉਦੀ ਹੈ।

ਜਿਸ ਮੰਦਰ ਵਿੱਚ ਗੁਰੂ ਸਾਹਿਬ ਨੇ ਨਿਵਾਸ ਕੀਤਾ ਵਕਤ ਪਾ ਕੇ ਉਸ ਨੂੰ ਦੁਬਾਰਾ ਉਸਾਰਿਆ ਗਿਆ ਤੇ ਉਪਰਲੀ ਮੰਜਲ ਗੁਰੂ ਸਾਹਿਬ ਦੀ ਯਾਦ ਨੂੰ ਸਮਰਪਤ ਕੀਤੀ ਗਈ।

ਕਟਾਸਰਾਜ ਤੋਂ 26 ਕਿ. ਮੀ. ਚੜ੍ਹਦੇ ਪਾਸੇ ਕਿਲਾ ਨੰਦਨਾ ਹੈ, ਨੇੜੇ ਬਾਗਾਂਵਾਲੀ ਹੈ ਜਿੱਥੇ ਸੰਨ 1008 ਈ ਨੂੰ ਬਹਿ ਪ੍ਰਸਿਧ ਇਤਿਹਾਸਕਾਰ ਅਲਬਿਰੂਨੀ ਨੇ ਧਰਤੀ ਦਾ ਵਿਆਸ ਨਾਪਿਆ ਸੀ। ਉਹ ਮਹਿਮੂਦ ਗਜਨਵੀ ਨਾਲ ਈਰਾਨ ਤੋਂ ਆਇਆ ਸੀ। ਉਹਦੀ ਕਿਤਾਬ ' ਕਿਤਾਬ ਉਲ ਹਿੰਦ' ਹਿੰਦੁਸਤਾਨ ਦੇ ਇਤਿਹਾਸ ਦਾ ਚਾਨਣ ਮੁਨਾਰਾ ਗਿਣੀ ਜਾਂਦੀ ਹੈ। ਇਥੋਂ ਦਾ ਹੀ 100 ਸਾਲ ਪੁਰਾਣਾ ਮੰਦਰ ਪੁਰਾਤਤਵ ਵਿਦਵਾਨਾਂ ਲਈ ਖਾਸ ਖਿੱਚ ਦਾ ਕੇਦਂਰ ਹੈ। ਉਮੀਦ ਹੈ ਗੁਰੂ ਸਾਹਿਬ ਵੀ ਇਥੇ ਗਏ ਹੋਣਗੇ ਕਿਉਂਕਿ ਉਂਜ ਵੀ ਉਹਨਾਂ ਦੇ ਰਸਤੇ ਤੇ ਹੀ ਪੈਂਦਾ ਸੀ: ਕੜਿਆਲੇ ਤੋਂ ਸਿੱਧਾ 7 ਕਿ. ਮੀ.।

ਕਟਾਸ ਤੋਂ ਵਾਪਸ ਪਿੰਡ ਦਾਦਨ ਖਾਂ ਤੇ ਉਥੋਂ ਫਿਰ ਸਾਹਿਬ ਜਿਹਲਮ ਦੇ ਕੰਢੇ ਕੰਢੇ ਚਲਦੇ ਹੋਏ ਕੁਲ 65 ਕਿ. ਮੀ. ਦਾ ਸਫਰ ਕਰਕੇ ਇਤਿਹਾਸਿਕ ਸ਼ਹਿਰ ਭੇਰਾ ਪਹੁੰਚੇ।■ ਭੇਰੇ ਦਾ ਇਤਹਾਸ ਬਾਦਸ਼ਾਹ ਸਿਕੰਦਰ ਨਾਲ ਜਾ ਜੁੜਦਾ। ਕਿਸੇ ਵੇਲੇ ਇਹ ਵੀ ਰਾਜਧਾਨੀ ਸ਼ਹਿਰ ਰਿਹਾ ਤੇ ਖੱਤਰੀਆਂ ਦਾ ਕੇਂਦਰੀ ਸਥਾਨ। (ਬਹੁ ਰਾਹ=ਭੇਰਾ ਭਾਵ ਕਈ ਰਸਤੇ) ਯਾਦ ਰਹੇ ਜਦੋਂ 1519 ਵਿੱਚ ਬਾਬਰ ਇਸ ਸ਼ਹਿਰ ਨੂੰ ਲੁਟਣ ਆਇਆ ਸੀ ਤਾਂ ਦੌਲਤ ਖਾਂ ਦੇ ਪੁੱਤਰ ਅਲੀ ਖਾਂ ਨੇ 4 ਲੱਖ ਅਸ਼ਰਫੀਆਂ ਦੀ ਭੇਟ ਦੇ ਕੇ ਇਸ ਸ਼ਹਿਰ, ਖੁਸ਼ਾਬ ਅਤੇ ਚਿਨੀਓਟ ਨੂੰ ਬਚਾ ਲਿਆ ਸੀ। ਭੇਰੇ ਕੋਈ ਸਿੱਖ ਇਤਿਹਾਸਿਕ ਯਾਦਗਾਰ ਤਾਂ ਮੌਜੂਦ ਨਹੀ।

—▲—



ਸਰੋਵਰ ਕਟਾਸ ਰਾਜ ਅਤੇ ਦੁਆਲੇ ਤਰਾਂ ਤਰਾਂ ਦੇ ਮੰਦਰ। ਜੇਹਲਮ ਦੇ ਇਕ ਵਿਦਵਾਨ ਮਿਰਜਾ ਬੇਗ ਦੇ ਮੁਤਾਬਿਕ (ਜਿਥੇ ਇਹ ➡ ਨਿਸ਼ਾਨ ਦਿਤਾ ਵਾ) ਉਹ ਵੀ ਗੁਰਦੁਆਰਾ ਹੈ। ਉਸ ਮੁਤਾਬਿਕ ਇਥੇ ਨਿਸ਼ਾਨ ਸਾਹਿਬ ਵੀ ਹੁੰਦਾ ਸੀ। ਸਬੂਤ ਵਜੋਂ ਬੇਗ ਨੇ ਨਿਸ਼ਾਨ ਸਾਹਿਬ ਦੇ ਥੜੇ ਦੀ ਵੀ ਫੋਟੋ ਭੇਜੀ ਹੈ। ਬੇਗ ਦਾ ਕਹਿਣਾ ਹੈ ਕਿ ਹਿੰਦੂਆਂ ਨੇ ਅੱਜ ਕਲ੍ਹ ਇਸ ਇਮਾਰਤ ਤੇ ਰਾਮ ਕ੍ਰਿਸ਼ਨ ਮੰਦਰ ਲਿਖ ਦਿਤਾ ਹੈ। ਮਿਰਜੇ ਮੁਤਾਬਿਕ ਇਸ ਗੁਰਦੁਆਰੇ ਦੇ ਪਿਛਲੇ ਪਾਸੇ ਹੀ ਸਰਦਾਰ ਹਰੀ ਸਿੰਘ ਨਲੂਏ ਦੀ ਹਵੇਲੀ ਹੈ।

**ਪੈੜ ਸਫਾ**

■ ਭੇਰੇ ਦੀ ਇਤਹਾਸਿਕ ਅਹਿਮੀਅਤ ਅਤੇ ਖੱਤਰੀਆਂ ਦੀ ਅਬਾਦੀ ਦੇ ਮੱਦੇ ਨਜਰ ਨਾਲੇ ਉਦੋਂ ਦੇ ਰਾਜਨੀਤਕ ਹਾਲਾਤਾਂ ਕਰਕੇ ਸਾਹਿਬ ਦਾ ਭੇਰੇ ਪਹੁੰਚਣਾ ਬਣਦਾ ਹੈ। ਉਂਜ ਜਨਮ ਸਾਖੀਆਂ ਵਿਚ ਇਸ ਬਾਬਤ ਸਾਫ ਜਿਕਰ ਸਾਡੇ ਧਿਆਨ ਨਹੀ ਪਿਆ।

ਉਪਰ ਦਿਤੀਆਂ ਥਾਵਾਂ ਤੋਂ ਇਲਾਵਾ ਹੋਰ ਵੀ ਥਾਵਾਂ ਜਿੱਥੇ ਗੁਰੂ ਸਾਹਿਬ ਦੇ ਚਰਨ ਪਏ। ਰਾਵਲਪਿੰਡੀ ਸ਼ਹਿਰ ਉਂਜ ਬਾਦ ਵਿਚ ਉਠੱਦਾ ਹੈ ਪਰ ਓਥੇ ਵੀ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਆਏ ਸਨ।

ਬਾਬ-52ਅ

# ਮੁਕਾਮ ਦੀ ਕਾਇਮੀ

## ਕਰਤਾਰਪੁਰ ਦੇ ਕੌਤਕ : ਭਾਗ-3

## ਧਰਮਸਾਲ ਦੋਦਾ ਤੋਂ ਪੱਖੋਕੇ ਵਾਲਾ ਡੇਰਾ ਤੇ ਫਿਰ ਕਰਤਾਰਪੁਰ

ਟਿੱਲੇ ਦੇ ਜੋਗੀਆਂ ਜਦੋਂ ਗੁਰੂ ਸਾਹਿਬ ਨੂੰ ਗੁਜਾਰਿਸ਼ ਕੀਤੀ ਕਿ ਬਾਬਾ ਜੀ ਆਪਣਾ ਕੋਈ ਟਿਕਾਣਾ ਬਣਾਓ। ਨਵਾਬ ਦੌਲਤ ਖਾਂ ਅਤੇ ਦੁਨੀ ਚੰਦ ਕ੍ਰੋੜੀਏ ਨੇ ਵੀ ਇਹੋ ਬੇਨਤੀ ਕੀਤੀ ਸੀ। ਹੁਣ ਸਾਹਿਬ ਨੇ ਬਾਲ ਨਾਥ ਨੂੰ ਕਹਿ ਦਿੱਤਾ ਸੀ ਕਿ ਹਿੰਦੁਸਤਾਨ ਘੁੰਮ ਆਇਆ ਹਾਂ ਛੇਤੀ ਹੀ ਉਦਾਸੀ ਬਾਣਾ ਲਾਹ ਦਿਆਂਗਾ। ਏਸੇ ਕਰਕੇ ਭਾਈ ਗੁਰਦਾਸ ਨੇ ਲਿਖਿਆ:
**ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥ ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ॥**

## 1. ਦੋਦਾ

ਭੇਰਾ ਤੋਂ 200 ਕਿ. ਮੀ. ਦਾ ਪੈਂਡਾ ਕਰਕੇ ਗੁਰੂ ਸਾਹਿਬ ਪੱਖੋਕੇ ਵਲ ਆ ਰਹੇ ਨੇ। ਸਮਾਂ : ਵੈਸਾਖ ਦਾ ਪਹਿਲਾ ਜਾਂ ਦੂਜਾ ਹਫਤਾ ਹੋਵੇਗਾ। ਕਿਉਕਿ ਵੈਸਾਖੀ ਵਾਲੇ ਦਿਨ ਸਾਹਿਬ ਕਟਾਸਰਾਜ ਸਨ।

ਪੱਖੋਕਿਆਂ ਦੇ ਲਾਗੇ ਹੀ ਪਹੁੰਚਣ ਵਾਲੇ ਸਨ। ਪਰ ਹਨੇਰਾ ਹੋਣਾ ਸ਼ੁਰੂ ਹੋ ਗਇਆ। ਰਾਹ ਲਾਗਲੇ ਕਿਸਾਨ ਕੋਲੋਂ ਪੁੱਛਿਆ ਕਿ ਆਹ ਕਿਹੜਾ ਪਿੰਡ ਹੈ ਤਾਂ ਅਗਲੇ ਨੇ ਦੱਸਿਆ ਕਿ ਇਹ ਕਿਆਮਪੁਰ ਹੈ। ਕਿਆਮਪੁਰ ਨਾਂ ਸੁਣਦਿਆਂ ਹੀ ਮਰਦਾਨੇ ਨੂੰ ਗਲ ਯਾਦ ਆ ਗਈ; ਮੁਕਾਮ ਦੀ ਕਾਇਮੀ (ਟਿਕਾਣਾ ਬਣਾਉਣਾ) ਦੀ। ਮਰਦਾਨੇ ਨੇ ਗਲ ਛੇੜ ਦਿੱਤੀ ਕਿ ਬਾਬਾ ਜੀ ਸਾਰੇ ਕਹਿ ਰਹੇ ਨੇ ਕਿ ਹੁਣ ਕੋਈ ਮੁਕਾਮ ਕਾਇਮ ਕਰਕੇ ਬਹਿ ਜਾਓ। ਸਾਹਿਬ ਨੇ ਅੱਗੋ ਕਿਹਾ ਕਿ "ਵੇਖੋ ਕਰਤਾਰ ਦਾ ਕੀ ਹੁਕਮ ਹੈ। ਪਰ ਮਰਦਾਨਿਆ ਤੇਰਾ ਇਕ ਥਾਂ ਜੀਅ ਕਿੱਥੇ ਲਗਣਾ ਏ? ਸਾਰੀ ਉਮਰ ਤੂੰ ਸੈਰ ਕੀਤੀ ਆ।" ਮਰਦਾਨੇ ਨੇ ਸਮਝਿਆ ਕਿ ਸਾਹਿਬ ਮਖੌਲ ਕਰ ਰਹੇ ਨੇ।

ਖੈਰ ਪੱਖੋਕੇ ਪਹੁੰਚਣ ਤੋਂ ਪਹਿਲਾਂ ਰਾਵੀ ਦਰਿਆ ਪਾਰ ਕਰਨਾਂ ਸੀ। ਹਨੇਰਾ ਵੀ ਚੋਖਾ ਹੋ ਚੁੱਕਾ ਸੀ। ਫਿਰ ਗੁਰੂ ਸਾਹਿਬ ਉਦਾਸੀ ਭੇਸ ਵਿਚ ਆਪਣੇ ਸਹੁਰੇ ਘਰ ਜਾਣਾ ਠੀਕ ਨਹੀ ਸਨ ਸਮਝਦੇ ਕਿਉਕਿ ਉਹਨਾਂ ਦੇ ਸਹੁਰਾ ਮੂਲ ਚੰਦ ਜਵਾਈ ਨੂੰ ਸਾਧਾਂ ਦੇ ਭੇਸ ਵਿਚ ਵੇਖ ਕੇ ਤਲਖੀ ਵਿਚ ਆ ਜਾਂਦਾ ਸੀ। ਰਾਵੀ ਕੰਢੇ ਉਹਨਾਂ ਨੂੰ ਕੋਈ ਠਾਹਰ ਨਜਰ ਆਈ। ਕੋਈ ਝੁੱਗੀ ਝੌਂਪੜੀ ਕੁਝ ਹੋਵੇਗਾ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਬਸ ਏਥੇ ਹੀ ਰਾਵੀ ਕੰਢੇ ਆਪਾਂ ਰਾਤ ਗੁਜਾਰੀਏ।

-----◈-----

### ਜਦੋਂ ਦੋਦੇ ਨੇ ਦੁੱਧ ਦਾ ਦਰਿਆ ਵਗਦਾ ਵੇਖਿਆ◈

ਗੁਰੂ ਸਾਹਿਬ ਤੇ ਮਰਦਾਨਾ ਰਾਵੀ ਦੇ ਕੰਢੇ ਡੇਰਾ ਲਾਈ ਬੈਠੇ ਸਨ। ਸਵੇਰ 8 -9 ਦਾ ਵਕਤ ਹੋਵੇਗਾ। ਅੱਜ ਬੇਲੇ ਵਿਚ ਬੜਾ ਸੁਰੀਲਾ ਸੰਗੀਤ ਚਲ ਰਿਹਾ ਸੀ। ਮਰਦਾਨੇ ਦੀ ਰਬਾਬ ਦੀ ਗੂੰਜ ਤਾਂ ਕਿ. ਮੀ ਤੋਂ ਹੀ ਸੁਣਾਈ ਦੇ ਰਹੀ ਸੀ। ਓਧਰ ਗੁਰੂ ਸਾਹਿਬ ਤਾਂ ਉਚੀ ਅਵਾਜ ਵਿਚ ਗਾਇਆ ਕਰਦੇ ਸਨ। ਅੱਜ ਦੋਦੇ ਦਾ ਬੇਲਾ ਤਾਂ ਕੁਝ ਵੱਖਰੀ ਹੀ ਭਾਅ ਮਾਰ ਰਿਹਾ ਸੀ। ਲਾਗੇ ਚਾਗੇ ਦੇ ਡੇਰੇ ਵੀ ਸੁਣ ਰਹੇ ਸਨ ਕਿ ਅੱਜ ਬੇਲੇ ਵਿਚ ਕੀ ਹੋ ਰਿਹਾ ਹੈ। ਇਹ ਕਿਧਰੋਂ ਆਵਾਜ਼ਾਂ ਆ ਰਹੀਆਂ ਨੇ।




ਗੁਰੂ ਸਾਹਿਬ ਦੇ ਵੇਲਿਆਂ 'ਚ ਰਾਵੀ ਦਰਿਆ ਦਾ ਵਹਾਅ ਕਰਤਾਰਪੁਰ ਤੋਂ ਪਾਰ ਪਹਾੜ ਪਾਸੇ ਸੀ। ਪਿੰਡ ਪੱਖੋਕੇ ਕਰਤਾਰਪੁਰ ਦੇ ਨੇੜੇ ਹੀ ਹੁੰਦਾ ਸੀ। ਬਾਦ ਵਿਚ ਪਿੰਡ ਰਾਵੀ ਵਿਚ ਰੁੜ ਗਇਆ ਜਿਸ ਕਾਰਨ ਇਕ ਪਿੰਡ ਤੋਂ ਤਿੰਨ ਪੱਖੋਕੇ ਨਿਕਲੇ। ਡੇਰਾ ਬਾਬਾ ਨਾਨਕ ਅਤੇ ਕਰਤਾਰਪੁਰ ਦੀ ਸਾਰੀ ਕਹਾਣੀ ਸਮਝਣ ਲਈ ਇਹ ਨਕਸ਼ਾ ਸਮਝਣਾ ਜਰੂਰੀ ਹੈ।

ਦੂਰ ਹਟਵਾ ਰਾਵੀਓ ਪਾਰ ਜੱਟਾਂ ਦਾ ਡੇਰਾ ਸੀ। ਦੋਦੇ ਜੱਟਾਂ ਦਾ। ਡੇਰੇ ਦੀ 'ਭਾਗੋ' ਨਾਂ ਦੀ ਜਵਾਨ ਨੂੰਹ ਰੋਜ ਸਵੇਰੇ ਆਪਣੇ ਘਰ ਵਾਲੇ ਦੀ ਰੋਟੀ ਲੈ ਕੇ ਜਾਇਆ ਕਰਦੀ ਸੀ। ਅੱਜ ਉਸ ਨੇ ਵੇਖਿਆ ਐਨ ਉਹਦੇ ਰਾਹ ਦੇ ਲਾਗੇ ਦੋ ਸਾਧੂ ਬੜੀ ਸ਼ਰਧਾ ਲਗਨ ਨਾਲ ਕੁਝ ਗਾ ਵਜਾ ਰਹੇ ਹੁੰਦੇ ਨੇ। ਇਹ ਕਿਵੇ ਹੋ ਸਕਦਾ ਸੀ ਰਸਤੇ ਵਿਚ ਸਾਧੂ ਬੈਠੇ ਹੋਣ ਤੇ ਭਾਗੋ ਮੱਥਾ ਨਾਂ ਟੇਕੇ। ਫਿਰ ਮਨ ਵਿਚ ਭੁੱਖ ਵੀ ਸੀ। ਕਿਉਕਿ ਅਜੇ ਤੱਕ ਕੁੱਖ ਵੀ ਤਾਂ ਸੁੰਨੀ ਸੀ।

ਭਾਗੋ ਜੋ ਛਾਹ ਵੇਲਾ ਲੈ ਕੇ ਜਾ ਰਹੀ ਸੀ ਜਾ ਸਾਧੂਆਂ ਦੇ ਅੱਗੇ ਰੱਖਿਆ। ਗਲ ਬਾਤ ਹੋਈ। ਗੁਰੂ ਸਾਹਿਬ ਨੇ ਕਿਹਾ ਕਿ ਇਹ ਰੋਟੀ ਸਾਨੂੰ ਨਹੀ ਚਾਹੀਦੀ, ਜਾਓ ਪਹਿਲਾਂ ਆਪਣੇ ਪਤੀ ਨੂੰ ਵਰਤਾਓ। ਪਰ ਭਾਗੋ ਨੂੰ ਤਾਂ ਇਓ ਲੱਗਾ ਕਿ ਉਹ ਪ੍ਰਮੇਸ਼ਰ ਦੇ ਕਦਮਾਂ ਵਿਚ ਬੈਠੀ ਹੈ। ਉਸ ਕਿਹਾ ਕਿ ਨਹੀ ਬਾਬਾ ਜੀ ਤੁਸੀ ਛਕੋ ਮੈਂ ਦੋਦੇ ਲਈ ਹੋਰ ਬਣਾ ਲਿਆਉਦੀ ਹਾਂ। ਉਹਦੇ ਜਿੱਦ ਕਰਨ ਤੇ ਮਰਦਾਨਾ ਵੀ ਕਹਿ ਉਠਿਆ ਕਿ ਬਾਬਾ ਜੀ ਰਾਤ ਦੇ ਭੁੱਖੇ ਆਂ ਛੱਕ ਲੈਂਨੇ ਆਂ। ਆਪੇ ਇਹ ਘਰ ਦੇ ਲਈ ਹੋਰ ਬਣਾ ਲਿਆਉਦੀ ਹੈ। ਗੁਰੂ ਸਾਹਿਬ ਅਤੇ ਮਰਦਾਨੇ ਨੇ ਛਾਹ ਵੇਲਾ ਕੀਤਾ।

ਦੂਰ ਹਲ ਵਾਹ ਰਹੇ ਦੋਦੇ ਦੇ ਕਿਸੇ ਸ਼ਰੀਕ ਨੇ ਭਾਗੋ ਨੂੰ ਸਾਧੂਆਂ ਲਾਗੇ ਬੈਠੇ ਵੇਖ ਲਿਆ ਸੀ।

ਭਾਗੋ ਵਾਪਸ ਪਿੰਡ ਗਈ ਤੇ ਦੋਦੇ ਲਈ ਰੋਟੀ ਬਣਾ ਲਿਆਈ। ਦੋਦੇ ਨੇ ਜਦੋਂ ਦੇਰੀ ਦਾ ਕਾਰਨ ਪੁੱਛਿਆ ਤਾਂ ਭਾਗੋ ਨੇ ਸਾਧੂਆਂ ਵਾਲੀ ਸਾਰੀ ਗਲ ਦੱਸੀ। ਭਾਗੋ ਖੁੱਸ਼ ਸੀ ਕਿਉਕਿ ਉਹਨੂੰ ਸਾਧੂ (ਮਰਦਾਨੇ) ਨੇ ਕਿਹਾ ਸੀ ਤੇਰੇ ਘਰ ਪੰਜ ਪੁੱਤਰ ਹੋਣਗੇ। ਉਹਨੇ ਇਹ ਖੁਸ਼ਖਬਰੀ ਵੀ ਦੋਦੇ ਨੂੰ ਦਿੱਤੀ।

ਦਿਨੇ ਮਰਦਾਨਾ ਕਹਿਣ ਲੱਗਾ ਬਾਬਾ ਜੀ ਹੁਕਮ ਹੋਵੇ ਤਾਂ ਪੱਖੋਕੇ ਹੋ ਆਵਾਂ। ਪਰ ਗੁਰੂ ਸਾਹਿਬ ਨੇ ਜਾਣ ਨਾਂ ਦਿਤਾ। ਕਹਿਣ ਲੱਗੇ ਜੇ ਅਗਲਿਆਂ ਨੂੰ ਪਿਆਰ ਸਤਿਕਾਰ ਹੋਵੇਗਾ ਤਾਂ ਆਪੇ ਆ ਜਾਣਗੇ।

ਓਧਰ ਦੋਦਾ ਸ਼ਾਮੀ ਪਿੰਡ ਗਇਆ ਤਾਂ ਸ਼ਰੀਕ ਨੇ ਦੋਦੇ ਦੇ ਕੰਨ ਵਿੱਚ ਫੂਕ ਮਾਰ ਦਿੱਤੀ ਕਿ "ਭਾਈ ਆਪਣੀ ਜਨਾਨੀ ਸੰਭਾਲ। ਅਣਜਾਣ ਸਾਧੂਆ ਦਾ ਕੋਈ ਪਤਾ ਨਹੀ ਕੌਣ ਨੇ। ਦੋਦੇ ਦਾ ਸਿਰ ਚਕ੍ਰਾਅ ਗਿਆ।"

ਅਗਲੇ ਦਿਨ ਜਦੋਂ ਬੀਬੀ ਭਾਗੋ ਦੋਦੇ ਵਾਸਤੇ ਸਵੇਰੇ ਸਵੇਰੇ ਦੁੱਧ ਲੈ ਕੇ ਆਈ ਤਾਂ ਦੋਦਾ ਨੇ ਦੂਰੋ ਆਉਦੀ ਵੇਖ ਡੇਰੇ ਦੇ ਲਾਗੇ ਸਰਕੜਿਆਂ ਦੇ ਬੂਝੇ ਓਹਲੇ ਲੁੱਕ ਗਿਆ।

ਬੀਬੀ ਭਾਗੋ ਨੇ ਆ ਕੇ ਗੁਰੂ ਸਾਹਿਬ ਅੱਗੇ ਦੁੱਧ ਭੇਟ ਕੀਤਾ। ਜਦੋਂ ਵਰਤਾਉਣ ਲੱਗੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਪੁੱਤਰ ਜੀ ਦੁੱਧ ਦੋ ਨਹੀ ਚਾਰ ਕੌਲਾਂ ਵਿੱਚ ਪਾਉ। ਬੀਬੀ ਭਾਗੋ ਨੇ ਸਮਝਿਆ ਕਿ ਸ਼ਾਇਦ ਇਨਾਂ ਨਾਲ ਦੋ ਹੋਰ ਸਾਧੂ ਹੋਣਗੇ। ਬੀਬੀ ਭਾਗੋ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਬਾਕੀ ਦੋਵਾਂ ਨੂੰ ਵੀ ਸੱਦ ਲਓ।

ਗੁਰੂ ਸਾਹਿਬ ਨੇ ਭਾਗੋ ਨੂੰ ਕਿਹਾ ਇਹ ਤੀਸਰੀ ਦੁਧ ਦੀ ਕੌਲੀ ਤੇਰੇ ਲਈ ਤੇ ਚੌਥੀ ਤੇਰੇ ਖਾਵੰਦ ਲਈ ਹੈ। ਦੋਦੇਰਾਣੀ ਕਹਿਣ ਲੱਗੀ ਕਿ ਉਹ ਦੂਰ ਹਨ ਮੈਂ ਆਪੇ ਜਾ ਉਨਾਂ ਨੂੰ ਪਿਆਵਾਂਗੀ।

ਗੁਰੂ ਸਾਹਿਬ ਨੇ ਬੀਬੀ ਭਾਗੋ ਨੂੰ ਕਿਹਾ ਕਿ ਦੋਦਾ ਦੂਰ ਨਹੀ ਨੇੜੇ ਹੀ ਹੈ। ਤੂੰ ਅਵਾਜ ਮਾਰ। ਛੁੱਪੇ ਹੋਏ ਦੋਦੇ ਨੇ ਜਿਵੇ ਅਵਾਜ ਸੁਣੀ ਉਹ ਦੌੜਾ ਆਇਆ ਕਿ ਸ਼ਾਇਦ ਬੀਬੀ ਭਾਗੋ ਨੂੰ ਸਾਧੂਆਂ ਨੇ ਛੇੜਿਆ ਹੈ।

ਦੋਦਾ ਆਇਆ ਤਾਂ ਗੁਰੂ ਸਾਹਿਬ ਨੇ ਦੋਦੇ ਨੂੰ ਦੁੱਧ ਪੀਣ ਲਈ ਕਿਹਾ। ਸੜਿਆ ਬਲਿਆ ਦੋਦਾ ਕਹਿਣ ਲੱਗਾ ਜੀ ਦੁੱਧ ਤਾਂ ਮੇਰੀਆਂ ਲਵੇਰੀਆਂ ਦਾ ਹੈ ਉਲਟਾ ਤੁਸੀ ਮੈਨੂੰ ਪੀਣ ਲਈ ਕਹਿ ਰਹੇ ਹੋ। ਹੰਕਾਰ ਤੇ ਈਰਖਾ ਦਾ ਸੜਿਆ ਦੋਦਾ ਕਹਿਣ ਲੱਗਾ "ਸਾਧੂਓ ਰੱਜ ਰੱਜ ਪੀਓ ਦੁੱਧ।"

ਗੁਰੂ ਸਾਹਿਬ ਨੇ ਦੋਦੇ ਨੂੰ ਕਿਹਾ ਕਿ ਚਲੋ ਪੀਨੇ ਆ। ਪਰ ਮੈਂ ਅਜੇ ਹੱਥ ਨਹੀ ਧੋਤੇ। ਦੋਦਿਆਂ ਜੀਂਦਾ ਰਹੋ। ਥੋੜੀ ਖੇਚਲ ਕਰ ਦੌੜ ਕੇ ਜਾ ਦਰਿਆ ਤੋਂ ਗੜਵੀ ਪਾਣੀ ਦੀ ਲਿਆ ਦੇ।

ਦੋਦਾ ਗੜਵੀ ਲੈ ਕੇ ਰਾਵੀ ਵਲ ਰਵਾਨਾ ਹੋ ਗਿਆ। ਜਿਵੇ ਪਾਣੀ ਦੀ ਗੜ੍ਹਵੀ ਭਰਨ ਲੱਗਾ ਤਾਂ ਕੀ ਦੇਖਦਾ ਹੈ ਰਾਵੀ ਵਿੱਚ ਪਾਣੀ ਨਹੀ ਸੰਡਣਾ ਦੁੱਧ ਵਹਿ ਰਿਹਾ ਹੈ। ਡੌਰ ਭੌਰਾ ਹੋਇਆ ਕੁਝ ਚਿਰ ਖਲੋਤਾ। ਫਿਰ ਪਰਤਿਆਂ। ਫਿਰ ਦੁਬਾਰਾ ਦਰਿਆਂ ਵਲ ਵੇਖਿਆ। ਦੁੱਧ ਹੀ ਦੁੱਧ ਸੀ। ਉਸ ਆਪਣੀਆਂ ਅੱਖਾਂ ਮਲੀਆਂ। ਫਿਰ ਵੇਖਿਆ ਸਭ ਦੁੱਧ ਹੀ ਵਹਿ ਰਿਹਾ ਸੀ। ਉਸ ਸੋਚਿਆ ਕਿ ਪਾਸੇ ਤੇ ਜਿਹੜਾ ਖੂਹ ਹੈ ਉਥੋਂ ਗੜ੍ਹਵੀ ਭਰ ਲੈਂਨਾ ਵਾਂ। ਖੂਹ ਗੇੜ ਕੇ ਜਦੋਂ ਗੜ੍ਹਵੀ ਭਰੀ ਤਾਂ ਉਹ ਵੀ ਦੁੱਧ ਹੀ।

ਸ਼ਰਮਿੰਦਾ ਹੋਇਆ ਗੁਰੂ ਸਾਹਿਬ ਕੋਲ ਗਇਆ ਤੇ ਚੁੱਪ ਚਾਪ ਗੜਵੀ ਗੁਰੂ ਸਾਹਿਬ ਅੱਗੇ ਰੱਖ ਦਿੱਤੀ। ਗੁਰੂ ਸਾਹਿਬ ਕਿਹਾ "ਦੋਦਿਆ ਤੈਨੂੰ ਪਾਣੀ ਲਿਆਉਣ ਨੂੰ ਕਿਹਾ ਸੀ ਤੂੰ ਫਿਰ ਆਪਣੀਆਂ ਲਵੇਰੀਆਂ ਦਾ ਦੁੱਧ ਲੈ ਆਇਓਂ। ਭਾਈ ਦੋਦਿਆਂ ਮੈਂ ਹੱਥ ਧੋਣੇ ਨੇ।"

ਦੋਧਾ ਧੜੰਮ ਦਿੱਤਾ ਗੁਰੂ ਸਾਹਿਬ ਦੇ ਚਰਨਾ ਤੇ ਡਿੱਗ ਪਿਆ। ਦੋਦੇ ਦਾ ਸਾਰਾ ਹੰਕਾਰ ਚੂਰ ਚੂਰ ਹੋ ਚੁੱਕਾ ਸੀ। ਦੋਦੇ ਨੇ ਸਾਰੀ ਗੱਲ ਦੱਸੀ ਕਿ ਓਥੇ ਤਾਂ ਰਾਵੀ ਵੀ ਦੁੱਧ ਦਾ ਵੱਗ ਰਿਹਾ ਹੈ। ਬੀਬੀ ਭਾਗੋ ਨੇ ਕਿਹਾ ਦੋਦਿਆਂ ਅਸੀ ਲਵੇਰੀਆਂ ਨੂੰ ਸਿਰਫ ਪੱਠੇ ਪਾਉਦੇ ਹਾਂ, ਪੱਠਿਆਂ ਤੋਂ ਦੁੱਧ ਉਤਪਨ ਕਰਨ ਵਾਲਾ ਨਿਰੰਕਾਰ ਹੈ।

ਦੋਦੇ ਨੂੰ ਚਾਨਣ ਹੋ ਗਇਆ ਸੀ। ਫਿਰ ਉਹਦੀ ਅਧੀਨਗੀ ਵੇਖ ਕੇ ਗੁਰੂ ਸਾਹਿਬ ਨੇ ਕਿਹਾ ਮੰਗ ਦੋਦਿਆਂ ਕੀ ਮੰਗਦੈ। ਕਿਹਾ ਜਾਂਦਾ ਹੈ ਕਿ ਦੋਦੇ ਨੇ ਗੁਰੂ ਕੋਲੋ ਫਿਰ ਦੁੱਧ-ਪੁਤ ਹੀ ਮੰਗਿਆ ਤੇ ਨਾਲੇ ਕਿਹਾ ਕਿ ਬਾਬਾ ਜੀ ਆਹ ਦਰਿਆ ਤੋਂ ਬਹੁਤ ਤੰਗੀ ਆ। ਜਦੋਂ ਚੜਿਆ ਹੁੰਦਾ ਤਾਂ ਪਾਰ ਕਰਨਾਂ ਮੁਸ਼ਕਲ ਹੁੰਦਾ ਹੈ। ਇਹਨੂੰ ਥੋੜਾ ਪਰਾਂ ਹੀ ਕਰ ਦਿਓ ਤੇ ਨਾਲ ਹੀ ਅਰਜੋਈਆਂ ਕਰਨ ਲੱਗ ਪਿਆ ਕਿ ਗੁਰੂ ਸਾਹਿਬ ਹੁਣ ਤੁਸੀ ਸਾਡੇ ਡੇਰੇ ਹੀ ਰਹੋ।

ਸਾਹਿਬ ਨੇ ਕਿਹਾ ਚੰਗਾ ਦੋਦਿਆ ਕੁਝ ਏਸੇ ਤਰਾਂ ਹੀ ਹੋਵੇਗਾ।

ਦੋਦੇ ਨੇ ਜੋ ਕੁਝ ਵੇਖਿਆ ਸੀ ਉਹਦੀ ਪਿੰਡ ਵਿੱਚ ਦੁਹਾਈ ਦੇ ਦਿੱਤੀ।

ਦੋਦਾ ਗੁਰੂ ਸਾਹਿਬ ਨੂੰ ਦਰਿਆਓਂ ਪਾਰ ਆਪਣੇ ਪਿੰਡ ਲੈ ਗਇਆ। ਕਿਹਾ ਜਾਂਦਾ ਹੈ ਕਿ ਪਹਿਲਾਂ ਦਰਿਆ ਪਿੰਡ ਦੋਦੇ ਤੋਂ ਪਰੇ ਭਾਵ ਪਹਾੜ ਪਾਸੇ ਵਗਦਾ ਹੁੰਦਾ ਸੀ। (ਵੇਖੋ ਨਕਸ਼ਾ)

ਗੱਲ ਦੂਰ ਦੂਰ ਤੱਕ ਫੈਲ ਗਈ ਕਿ ਉਹ ਬਾਬਾ ਨਾਨਕ ਜਿਸ ਨੇ ਸ਼ਾਹੀ ਨੌਕਰੀ ਛੱਡ ਕੇ ਸੰਨਿਆਸ ਲੈ ਲਿਆ ਸੀ ਆਪਣੇ ਇਲਾਕੇ ਵਿੱਚ ਹੈ। ਵੱਡੀ ਗਿਣਤੀ ਵਿੱਚ ਲੋਕ ਗੁਰੂ ਸਾਹਿਬ ਦੇ ਡੇਰੇ ਢੁਕਣੇ ਸ਼ੁਰੂ ਹੋ ਗਏ।


## ਧਰਮਸਾਲ ਪਿੰਡ ਦੋਦਾ

ਭਾਈ ਦੋਦੇ ਦੀ ਅਰਦਾਸ ਮਨਜੂਰ ਕਰਦੇ ਹੋਏ ਗੁਰੂ ਸਾਹਿਬ ਨੇ ਕਿਹਾ ਕਿ ਮੈਂ ਜਦੋਂ ਵੀ ਪੱਖੋ ਕੇ ਆਵਾਗਾ ਤੇਰੇ ਕੋਲ ਜਰੂਰ ਆਇਆ ਕਰਾਂਗਾ। ਦੋਦੇ ਨੂੰ ਆਗਿਆ ਦਿੱਤੀ ਕਿ ਤੂੰ ਇਥੇ ਧਰਮਸਾਲ ਬਣਾ।

ਓਦੋਂ ਫਿਰ ਸਾਰੇ ਗੁਰਸਿੱਖਾਂ ਰਲ ਕੇ ਦਰਿਆ ਦੇ ਕੰਢੇ ਤੇ ਧਰਮਸਾਲ ਬਣਾਈ ਜੋ 1947 ਈ ਤੱਕ ਬਕਾਇਦਾ ਮੌਜੂਦ ਸੀ।

ਇਹ ਧਰਮਸਾਲ ਪਿੰਡ ਦੋਦਾ ਦੇ ਦੱਖਣ ਪਾਸੇ ਮਤਲਬ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਤਰਫ ਹੁੰਦੀ ਸੀ। ਇਸ ਬਾਰੇ ਸਾਈਕਲ ਯਾਤਰੀ- 619 ਨੇ 6 ਮਈ 1933 ਨੂੰ ਇਸ ਪ੍ਰਕਾਰ ਲਿਖਿਆ ਹੈ:-

"ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨ ਕਰਕੇ ਚਾਲੇ ਪਾਏ ਜੋ ਕਿ ਉੱਤਰ ਤੇ ਚੜ੍ਹਦੇ ਦੀ ਗੁੱਠ ਵਿੱਚ ਅੱਧ ਮੀਲ (ਅਸਲ ਦੂਰੀ ਪੂਰਾ ਇੱਕ ਕਿ. ਮੀ.) ਦੋਦੇ ਪਹੁੰਚਾ। ਪਿੰਡ ਦੋਦੇ ਦੇ ਪਾਸ ਹੀ ਦੱਖਣ ਦੀ ਤਰਫ ਗੁਰਦੁਆਰਾ ਪਾਤਸ਼ਾਹੀ ਪਹਿਲੀ ਜੀ ਦਾ ਹੈ। ਇਹ ਗੁਰਦੁਆਰਾ ਖਸਤਾ ਹਾਲਤ ਵਿੱਚ ਹੈ ਜੋ ਕੱਚਾ ਹੈ ਪਰ ਛੋਟਾ ਜਿਹਾ ਹੈ, ਮਕਾਨ ਪੱਕਾ ਹੈ ਜਿਸਨੂੰ ਗੁਰੂ ਨਾਨਕ ਦੇਵ ਜੀ ਦੀ ਧਰਮਸਾਲਾ ਕਰਕੇ ਮੰਨਦੇ ਹਨ। ਇਸੀ ਜਗਾ ਗੁਰੂ ਜੀ ਨੇ ਮਾਈ ਭਾਗੋ ਤੋਂ ਦੁੱਧ ਛਕਿਆ ਸੀ। ਇਹ ਮਾਈ ਭਾਗੋ ਦੋਦੇ ਦੇ ਘਰ ਵਾਲੀ ਸੀ। ਪਿੰਡ ਦੋਦੇ ਤੇ ਗੁਰਦੁਆਰੇ ਦੇ ਵਿੱਚਾਲੇ ਪੁਰਾਣੀ ਰਾਵੀ ਦਰਿਆ ਦਾ ਇੱਕ ਛੋਟਾ ਜਿਹਾ ਨਾਲਾ ਹੀ ਵਗਦਾ ਪਿਆ ਹੈ। ਗੁਰਦੁਆਰੇ ਵਿੱਚ ਛੇ ਪੇਡ ਖਜੂਰ ਦੇ ਤੇ ਹੋਰ ਕਿੱਕਰਾਂ ਦੇ ਹਨ। ਬਾਕੀ ਲਾਂਭੀ ਤੇ ਹੋਰ ਬਾਗ ਅੰਬਾਂ ਦੇ ਹਨ, ਜੋ ਇਹ ਵੀ ਗੁਰਦੁਆਰੇ ਦਾ ਹੀ ਹੈ। 90 ਬਿਗੇ ਜਮੀਨ ਹੈ, ਉਦਾਸੀ ਮਹੰਤ ਮੰਗਲ ਦਾਸ ਜੀ ਹੈ, ਲੰਗਰ ਦੇ ਰਿਹਾਇਸ਼ ਮਾਮੂਲੀ ਹੋ ਸਕਦੀ ਹੈ। ਡਾਕਖਾਨਾ ਖਾਸ ਤਹਿਸੀਲ ਸ਼ਕਰਗੜ੍ਹ, ਸਟੇਸ਼ਨ ਦਰਬਾਰ ਸਾਹਿਬ ਕਰਤਾਰਪੁਰ ਤੋਂ ਚੜ੍ਹਦੇ ਦੀ ਤਰਫ ਅੱਧ ਮੀਲ ਤੇ ਹੈ, ਜਿਲਾ ਗੁਰਦਾਸਪੁਰ। "




-----◆-----

## ਜੱਟਾਂ ਦੇ ਬੋਹਲ ਤੇ ਮੁਕਾਮ ਦੀ ਗਲ

ਦੋਦੇ ਦੇ ਪਿੰਡੋਂ ਇਕ ਦਿਨ ਗੁਰੂ ਸਾਹਿਬ ਤੇ ਮਰਦਾਨਾ ਫਿਰ ਬਾਹਰ ਆ ਰਾਵੀ ਕਿਨਾਰੇ ਜਾ ਬਿਰਾਜੇ। ਕੀ ਵੇਖਦੇ ਹਨ:

ਜੌਂਆਂ ਦੇ ਦੋ ਬੋਹਲ ਲੱਗੇ ਪਏ ਨੇ। ਦੋਵਾਂ ਬੋਹਲਾਂ ਦਾ ਰੱਖਵਾਲਾ ਇਕੋ ਜੱਟ ਸੀ। ਵੇਖਦਿਆਂ ਵੇਖਦਿਆਂ ਉਸ ਕੀ ਕੀਤਾ ਕਿ ਜਿਸ ਬੋਹਲ ਦੇ ਲਾਗੇ ਉਹ ਕੁਝ ਕੰਮ ਕਾਰ ਕਰ ਰਿਹਾ ਸੀ, ਦਾਣਿਆਂ ਦੀ ਝੋਲੀ ਭਰੀ ਤੇ ਜਾ ਦੂਸਰੇ ਬੋਹਲ ਤੇ ਉਲੱਦ ਦਿੱਤੀ। ਮਰਦਾਨਾ ਕਹਿਣ ਲੱਗਾ ਬਾਬਾ ਜੀ ਵੇਖੋ ਕਿਵੇ ਆਪੋ ਧਾਪ ਪਈ ਹੋਈ ਆ। ਗੁਰੂ ਸਾਹਿਬ ਚੁੱਪ ਰਹੇ।

ਦੁਪਿਹਰ ਬਾਦ ਫਿਰ ਦੂਸਰੇ ਬੋਹਲ ਵਾਲਾ ਕਿਰਸਾਨ ਰਾਖੀ ਤੇ ਆ ਗਇਆ ਤੇ ਪਹਿਲੇ ਵਾਲੇ ਨੂੰ ਘਰ ਘੱਲ ਦਿੱਤਾ ਕਿ ਜਾ ਕੇ ਰੋਟੀ ਪਾਣੀ ਖਾਵੇ।

ਮਰਦਾਨਾ ਕੀ ਵੇਖਦਾ ਹੈ ਕਿ ਕਿਰਸਾਨ ਇੱਕ ਬੋਹਲ ਤੋਂ ਝੋਲੀ ਭਰਦਾ ਹੈ ਤੇ ਦੂਸਰੇ ਤੇ ਜਾ ਸੁੱਟਦਾ ਹੈ।

ਮਰਦਾਨਾ ਨੇ ਇਹ ਸਾਰੀ ਹਕੀਕਤ ਗੁਰੂ ਸਾਹਿਬ ਨੂੰ ਦੱਸੀ ਕਿ ਵੇਖੋ ਕਿਵੇ ਭਰਾ ਭਰਾ ਹੀ ਇੱਕ ਦੂਸਰੇ ਨਾਲ ਦਗਾ ਕਮਾ ਰਹੇ ਨੇ। ਗੁਰੂ ਸਾਹਿਬ ਨੇ ਹੱਸ ਛੱਡਿਆ ਤੇ ਕਿਹਾ ਮਰਦਾਨਾ ਵੇਖਦਾ ਜਾ।

ਸ਼ਾਮੀ ਫਿਰ ਦੋਵੇ ਕਿਰਸਾਨ ਇਕੱਠੇ ਹੋਏ। ਮਰਦਾਨਾ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਹੁਣ ਦੋਵੇ ਭਰਾ ਇਕੱਠੇ ਹਨ। ਗੁਰੂ ਸਾਹਿਬ ਨੇ ਮਰਦਾਨਾ ਨੂੰ ਹੁਕਮ ਕੀਤਾ ਕਿ ਜਾ ਉਨਾਂ ਦੋਵਾਂ ਨੂੰ ਸੱਦ ਕੇ ਲਿਆ। ਉਹ ਜਦੋਂ ਹਾਜਰ ਹੋਏ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਮਰਦਾਨਾ ਤੁਹਾਡੇ ਕੰਮ ਤੋਂ ਹੈਰਾਨ ਹੈ ਕਿ ਜਦੋਂ ਇੱਕ ਜਣਾ ਪਿੰਡ ਹੁੰਦਾ ਹੈ ਦੂਸਰੇ ਬੋਹਲ ਚੋਂ ਝੋਲੀਆਂ ਭਰ ਪਹਿਲੇ ਦੇ ਬੋਹਲ ਤੇ ਪਾ ਦਿੰਦਾ ਹੈ ਤੇ ਜਦੋਂ ਪਹਿਲੇ ਵਾਲਾ ਵਾਪਸ ਆਉਦਾ ਹੈ ਤਾਂ ਉਹ ਵੀ ਇਹੋ ਕੁਝ ਕਰਦਾ ਹੈ।

ਦੋਵਾਂ ਨੇ ਸਿਰ ਥੱਲੇ ਸੁੱਟ ਲਏ।

ਪਹਿਲਾ ਕਿਸਾਨ ਕਹਿਣ ਲੱਗਾ ਜੀ ਮੈਂ ਕੋਈ ਚੋਰੀ ਨਹੀ ਕੀਤੀ। ਇਹ ਮੇਰਾ ਸਕਾ ਛੋਟਾ ਭਰਾ ਹੈ। ਇਹਦਾ ਪ੍ਰਵਾਰ ਵੱਡਾ ਹੈ। ਮੇਰੇ ਸਿਰਫ ਦੋ ਧੀਆਂ ਹੀ ਹਨ। ਇਸ ਕਰਕੇ ਮੈਂ ਇਹਦੇ ਬੋਹਲ ਵਿੱਚ ਆਪ ਪਾਈਆਂ ਦੋ ਝੋਲੀਆਂ। ਸਾਹਮਣੇ ਇਹ ਕੁਝ ਨਹੀ ਕਰ ਸਕਦਾ ਕਿਉਕਿ ਘਰ ਵਿੱਚ ਬਖੇੜਾ ਪੈਂਦਾ ਹੈ।

ਫਿਰ ਦੂਸਰੇ ਭਰਾ ਕੋਲੋ ਪੁੱਛਿਆ ਤਾਂ ਉਸ ਕਿਹਾ ਕਿ ਮੈਨੂੰ ਆਪਣੇ ਭਰਾ ਦੇ ਹਾਲਾਤਾਂ ਤੇ ਤਰਸ ਆਉਦਾ ਹੈ। ਮੇਰੇ ਤਾਂ ਮੁੰਡੇ ਨੇ। ਕੋਈ ਵੱਡੀ ਜੁੰਮੇਵਾਰੀ ਨਹੀ। ਇਹਦੀ ਧੀ ਵਿਆਹੁਣ ਯੋਗ ਹੈ। ਮੇਰੀ ਦਿਲੋਂ ਇਛਾ ਹੈ ਕਿ ਇਹਦੀ ਮਾਇਕ ਹਾਲਤ ਸੁਧਰੇ। ਇਹਦਾ ਬੋਹਲ ਐਤਕਾਂ ਕੁਝ ਕਮਜੋਰ ਰਹਿ ਗਇਆ ਹੈ। ਇਸ ਕਰਕੇ ਮੈਂ ਝੋਲੀ ਦਾਣਿਆਂ ਦੀ ਇਹਦੇ ਬੋਹਲ ਤੇ ਪਾਈ ਹੈ।

ਇਹ ਗੱਲਾਂ ਬਾਤਾਂ ਹੋਈਆਂ। ਮਰਦਾਨਾ ਆਖਣ ਲੱਗਾ ਕਿ ਬਾਬਾ ਜੀ ਅਜਿਹੇ ਧਰਮੀ ਲੋਕ ਤਾਂ ਕਿਤੇ ਵਿਰਲੇ ਹੀ ਹਨ। ਇਹ ਤਾਂ ਬੜਾ ਧਰਮੀ ਇਲਾਕਾ ਲਗਦਾ ਹੈ। ਏਥੇ ਹੀ ਕਿਓ ਨਾਂ ਮੁਕਾਮ ਬਣਾ ਲਿਆ ਜਾਵੇ?

ਗੁਰੂ ਸਾਹਿਬ ਮੁਸਕ੍ਰਾਏ। ਕਿਹਾ ਮਰਦਾਨਿਆ ਵੇਖੀ ਜਾ ਰੰਗ ਕਰਤਾਰ ਦੇ।

-----◆-----

ਮੁਕਾਮੀ ਲੋਕ ਕਹਿੰਦੇ ਹਨ ਕਰਤਾਰਪੁਰ ਦੀ ਸਥਾਪਣਾ ਪਿਛੇ ਇਹ ਸਾਖੀ ਹੈ। ਯਾਦ ਰਹੇ ਦੂਜੀ ਉਦਾਸੀ ਤੋਂ ਪਰਤਣ ਮੌਕੇ ਓਧਰੋਂ ਕ੍ਰੋੜੀਏ ਦਾ ਮੁਤਾਹਿਤ ਮੂਲ ਚੰਦ ਚੋਣਾ ਪਟਵਾਰੀ ਵੀ ਦੁਨੀ ਚੰਦ ਨੂੰ ਬਾਰ ਬਾਰ ਏਹੋ ਬੇਨਤੀਆਂ ਕਰਦਾ ਹੈ ਕਿ ਬਾਬੇ ਨੂੰ ਕਿਸੇ ਤਰਾਂ

ਮਨਾਓ ਕਿ ਹੁਣ ਉਦਾਸੀਆਂ ਤੇ ਨਾਂ ਜਾਏ ਤੇ ਏਥੇ ਹੀ ਪੱਕਾ ਡੇਰਾ ਲਾ ਲਵੇ।

-----◈-----

## ਦੋਦੇ ਤੋਂ ਅਜਿਤੇ ਦੇ ਡੇਰੇ ਆਏ

ਇਤਹਾਸ ਚੁੱਪ ਹੈ ਕਿ ਸਾਹਿਬ ਫਿਰ ਦੋਦੇ ਦੇ ਡੇਰੇ ਤੋਂ ਅਜਿੱਤੇ ਰੰਧਾਵੇ ਦੇ ਡੇਰੇ ਤੇ ਕਿਓ ਆ ਗਏ। ਹੋ ਸਕਦਾ ਪੂਰਬ ਪਾਸਿਓ ਆਉਣ ਵਾਲੀਆਂ ਸੰਗਤਾਂ ਦਾ ਜਿਆਦਾ ਜੋਰ ਹੋਵੇ। ਦੂਸਰਾ ਕਾਰਨ ਇਹ ਹੋ ਸਕਦਾ ਹੈ ਕਿ ਅਜਿੱਤਾ ਰੰਧਾਵਾ ਇਲਾਕੇ ਦਾ ਚੌਧਰੀ ਸੀ ਉਹ ਸਮਝਦਾ ਹੋਵੇ ਕਿ ਜੇ ਗੁਰੂ ਸਾਹਿਬ ਮੇਰੇ ਡੇਰੇ ਤੇ ਰਹਿਣ ਤਾਂ ਮੇਰੀ ਚੜ੍ਹਤ ਹੁੰਦੀ ਹੈ।

ਯਾਦ ਰਹੇ ਓਹਨੀ ਦਿਨੀ ਜਮੀਨ ਦੀ ਕਿੱਲਤ ਨਹੀ ਸੀ ਹੁੰਦੀ। ਪਿੰਡਾਂ ਥਾਵਾਂ ਤੇ ਬਾਹਰ ਥਾਂ ਵਾਧੂ ਬਿਨਾਂ ਵਾਹੇ ਪਏ ਰਹਿੰਦੇ ਸਨ। ਸੋ ਪਿੰਡ ਦੋਦੇ ਤੋਂ ਉੱਠ ਕੇ ਗੁਰੂ ਸਾਹਿਬ 7 ਕਿ. ਮੀ ਦੱਖਣ ਪਾਸੇ ਅਜਿਤੇ ਦੇ ਡੇਰੇ ਤੇ ਆ ਬੈਠੇ ਜਿਥੇ ਅੱਜ ਗੁਰਦੁਆਰਾ ਦਰਬਾਰ ਸਾਹਿਬ ਹੈ। (ਫਿਲਹਾਲ ਅਸੀ ਇਹਨੂੰ ਡੇਰਾ ਹੀ ਕਹਾਂਗੇ।)

ਲੋਕਾਈ ਫਿਰ ਉਲਟ ਕੇ ਪੈ ਗਈ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ। ਹਰ ਵੇਲੇ ਮੇਲਾ ਲੱਗਾ ਰਹਿਣ ਲੱਗ ਪਿਆ। ਇਹ ਗਰਮੀਆਂ ਦੇ ਦਿਨ ਸਨ (ਜੂਨ ਜੁਲਾਈ 1521 ਈ.)

-----◈-----

## ਅਜਿਤੇ ਦਾ ਖੂਹ: ਪੱਖੋਕੇ

ਕਲਾਨੌਰ ਦੇ ਦੁਨੀ ਚੰਦ ਕ੍ਰੋੜੀਏ ਨੂੰ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ ਕਿ ਗੁਰੂ ਸਾਹਿਬ ਦੇ ਲਹੌਰ ਦੇ ਹਾਕਮ ਦੌਲਤ ਖਾਂ ਲੋਧੀ ਨਾਲ ਬਹੁਤ ਚੰਗੇ ਸਬੰਧ ਹਨ। ਫਿਰ ਗੁਰੂ ਸਾਹਿਬ ਦੇ ਬਾਬਰ ਨਾਲ ਸਬੰਧਾਂ ਦਾ ਵੀ ਖੁਲਾਸਾ ਹੋ ਗਿਆ। ਜਦੋਂ ਗੁਰੂ ਸਾਹਿਬ ਦੀ ਧਾਂਕ ਸਰਕਾਰੇ ਦਰਬਾਰੇ ਵੀ ਪੈਂਦੀ ਸੁਣੀ ਤਾਂ ਗੁਰੂ ਸਾਹਿਬ ਦੇ ਵਿਰੋਧੀ ਭਾਵ ਉਨਾਂ ਦੇ ਸਹੁਰੇ ਵੀ ਹੁਣ ਝੁੱਕ ਗਏ। ਹਰ ਕੋਈ, ਮਤਲਬ ਗੁਰੂ ਸਾਹਿਬ ਦਾ ਪ੍ਰਵਾਰ ਤੇ ਸ਼ਰਧਾਲੂ ਬਾਰ ਬਾਰ ਬੇਨਤੀਆਂ ਕਰ ਰਹੇ ਸਨ ਕਿ ਗੁਰੂ ਸਾਹਿਬ ਹੁਣ ਹੋਰ ਉਦਾਸੀਆਂ ਨਾਂ ਕਰਨ।

ਇਤਹਾਸ ਵਿੱਚ ਦਰਜ ਹੈ ਕਿ ਦੁਨੀ ਚੰਦ ਗੁਰੂ ਸਾਹਿਬ ਨੂੰ ਬੇਨਤੀ ਕਰਦਾ ਹੈ ਕਿ ਗੁਰੂ ਜੀ ਆਪਣੇ ਸ਼ਰਧਾਲੂਆ ਤੇ ਤਰਸ ਕਰੋ। ਤੁਹਾਡੇ ਦਰਸ਼ਨਾਂ ਲਈ ਦਰ ਦਰ ਭਟਕਦੇ ਨੇ। ਕਦੀ ਲੋਕ ਤਲਵੰਡੀ ਜਾਂਦੇ ਨੇ, ਕਦੀ ਸੁਲਤਾਨਪੁਰ ਲੋਧੀ। ਦੁਖੀ ਹੁੰਦੇ ਨੇ ਜਦੋਂ ਤੁਹਾਡੇ ਦਰਸ਼ਨ ਨਹੀ ਹੁੰਦੇ। ਇਹ ਵੀ ਲੱਗਦਾ ਹੈ ਕਿ ਲੋਕਾਂ ਨੇ ਕ੍ਰੋੜੀਏ ਨੂੰ ਵੀ ਬੇਨਤੀਆਂ ਕੀਤੀਆਂ ਹੋਣਗੀਆਂ ਕਿ ਕਿਸੇ ਤਰਾਂ ਤੁਸੀ ਵੀ ਗੁਰੂ ਸਾਹਿਬ ਨੂੰ ਮਨਾਓ। ਓਦੋਂ ਫਿਰ ਗੁਰੂ ਸਾਹਿਬ ਹਾਂ ਕਰ ਦਿੰਦੇ ਨੇ ਠੀਕ ਹੈ ਹੁਣ ਮੈਂ ਇਥੇ ਹੀ ਰਹਾਂਗਾ।

ਓਦੋਂ ਫਿਰ ਜਿੱਥੇ ਹੁਣ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਹੈ ਅਜਿਤਾ ਰੰਧਾਵਾ ਉਥੇ ਖੂਹ ਤੇ ਹੀ ਗੁਰੂ ਸਾਹਿਬ ਨੂੰ ਥਾਂ ਦੇ ਦਿੰਦਾ ਹੈ ਕਿ ਤੁਸੀ ਹੁਣ ਇਸ ਥਾਂ ਹੀ ਟਿਕੋ। ਹੁਣੇ ਹੁਣੇ (ਸੰਨ ਮਈ 2018 ਤੋਂ) ਇਸ ਅਸਥਾਨ ਦੀ ਕਾਰ ਸੇਵਾ ਹੋਈ ਹੈ। ਖੁਦਾਈ ਦੌਰਾਨ ਪਤਾ ਲੱਗਾ ਹੈ ਕਿ ਇਥੇ ਕਈ ਵਾਰ ਉਸਾਰੀਆਂ ਹੋਈਆਂ ਤੇ ਢਹੀਆਂ ਹਨ। ਸਾਰਾ ਸਥਾਨ ਵੱਖ ਵੱਖ ਵਕਤਾਂ ਦੀਆਂ ਨੀਹਾਂ ਨਾਲ ਭਰਪੂਰ ਹੈ।(ਸਾਨੂੰ ਦੁੱਖ ਹੈ ਕਿ ਕਾਰਸੇਵਾ ਵਾਲੇ ਬਾਬਿਆਂ ਇਸ ਲਿਖਾਰੀ ਨੂੰ ਉਨਾਂ ਨੀਹਾਂ ਦੀ ਤਸਵੀਰਾਂ ਲੈਣ ਦੀ ਇਜਾਜਤ ਨਾਂ ਦਿੱਤੀ।)

ਪੱਛਮ ਤੇ ਪੱਛਮ ਦੱਖਣ ਦੀ ਬਾਹੀ ਵਿੱਚ ਦੋ ਪੁਰਾਤਨ ਖੂਹੀਆਂ ਵੀ ਇਸ ਵਿਹੜੇ ਵਿੱਚ ਮਿਲੀਆਂ ਜਿੰਨਾਂ ਨੂੰ ਲਾਪਰਵਾਹ ਕਾਰਸੇਵਾ ਬਾਬੇ ਨੇ ਢਾਹ ਦਿੱਤਾ। ਤਸਵੀਰਾਂ ਜਦੋਂ ਇਸ ਲਿਖਾਰੀ ਨੇ ਅਖਬਾਰਾਂ ਵਿੱਚ ਛਪਵਾਈਆਂ ਤਾਂ ਕਾਰਸੇਵਾ ਬਾਬਾ ਇਸ ਲਿਖਾਰੀ ਦੇ ਹੀ ਖਿਲਾਫ ਹੋ ਗਇਆ।

ਮੁਕਦੀ ਗੱਲ ਕਿ ਇਹ ਪਵਿਤ੍ਰ ਵਿਹੜਾ ਪੁਰਾਤਤ ਪੱਖੋ ਬਹੁਤ ਹੀ ਭਰਪੂਰ ਪਾਇਆ ਗਇਆ ਹੈ। ਸਾਫ ਲੱਗਦਾ ਹੈ ਕਿ ਇਥੇ ਪਿੱਛਲੇ 500 ਸਾਲਾਂ ਤੋਂ ਲਗਾਤਾਰ ਇਮਾਰਤਾਂ ਬਣਦੀਆਂ ਢਹਿੰਦੀਆਂ ਆਈਆਂ ਹਨ।

ਗੁਰੂ ਸਾਹਿਬ ਵੀ ਮਹੀਨੇ ਵਿੱਚ ਦਿਨ ਮੁਕੱਰਰ ਕਰ ਦਿੰਦੇ ਨੇ ਕਿ (ਕਿ ਹਰ ਪੂਰਨਮਾਸ਼ੀ ਜਾਂ ਮੱਸਿਆ) ਤੇ ਮੈਂ ਪੱਖੋਕੇ ਹਾਜਰ ਰਿਹਾ ਕਰਾਂਗਾ। ਇਥੋਂ ਹੀ ਗੁਰੂ ਸਾਹਿਬ ਨੇੜੇ ਤੇੜੇ ਪੰਜਾਬ ਦੀਆਂ ਫੇਰੀਆਂ ਲਾਉਦੇ ਨੇ।

-----◈-----

# ਕਰਤਾਰਪੁਰ

## ਦੁਨੀ ਚੰਦ ਕ੍ਰੋੜੀਏ ਨੇ100 ਵਿਘਾ ਜਮੀਨ ਦਾ ਪਟਾ ਗੁਰੂ ਸਾਹਿਬ ਦੇ ਚਰਨਾਂ ਤੇ ਭੇਟ ਕੀਤਾ

ਇਸੇ ਤਰਾਂ ਇਕ ਵੇਰ ਗੁਰੂ ਸਾਹਿਬ ਜਦੋਂ ਤਲਵੰਡੀ ਗਏ ਤਾਂ ਮਾਤਾ ਪਿਤਾ ਨੂੰ ਵੀ ਉਨਾਂ ਬੇਨਤੀ ਕੀਤੀ ਕਿ ਤੁਸੀ ਵੀ ਪੱਖੋ ਕੇ ਆ ਜਾਓ। ਪਰ ਪਿਤਾ ਕਾਲੂ ਨੇ ਪੱਖੋਕੇ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ ਕਿ ਉਹ ਕਿਸੇ ਵੀ ਸੂਰਤ ਵਿੱਚ ਕੁੜਮਾਂ ਦੇ ਘਰ ਜਾ ਕੇ ਸੁਖੀ ਨਹੀ ਹੋ ਸਕਦੇ। ਇਸ ਗੱਲ ਦਾ ਪਤਾ ਕ੍ਰੋੜੀਏ ਨੂੰ ਵੀ ਲੱਗ ਜਾਂਦਾ ਹੈ।

ਵਕਤ ਪਾ ਕੇ ਭਾਵ ਜਨਵਰੀ 1521 ਵਿੱਚ ਬਾਬਰ ਸੈਦਪੁਰ ਤੇ ਹਮਲਾ ਕਰਦਾ ਹੈ। ਸੈਦਪੁਰ ਗੁਰੂ ਸਾਹਿਬ ਹਜਾਰਾਂ ਬੰਦੀਆਂ ਨੂੰ ਬਾਬਰ ਦੀ ਜੇਲ ਤੋਂ ਰਿਹਾ ਕਰਵਾਉਦੇ ਹਨ। ਬਾਬੇ ਦੀ ਫਿਰ ਚੁਫੇਰੇ ਧੁੰਮ ਪੈ ਜਾਂਦੀ ਹੈ। ਪਹਿਲਾਂ ਗੁਰੂ ਸਾਹਿਬ ਦੇ ਨਵਾਬ ਦੌਲਤ ਖਾਂ ਲੋਧੀ ਨਾਲ ਨਿਗੱਰ ਸਬੰਧਾਂ ਦਾ ਵੀ ਸਭ ਨੂੰ ਪਤਾ ਸੀ।

ਕਿਉਕਿ ਉਨੂੰ ਪਤਾ ਸੀ ਕਿ ਹਰ ਪਾਸੇ ਗੁਰੂ ਸਾਹਿਬ ਦੀ ਜੈ ਜੈ ਕਾਰ ਹੋ ਰਹੀ ਹੈ ਚਾਹੇ ਉਹ ਬਾਬਰ ਹੋਵੇ ਜਾਂ ਲਹੌਰ ਜਾਂ ਸੁਲਤਾਨਪੁਰ ਦਾ ਸੂਬਾ, ਇਸ ਕਰਕੇ ਕ੍ਰੋੜੀਆ ਵੀ ਗੁਰੂ ਸਾਹਿਬ ਦੀ ਖੁਸ਼ੀ ਲੈਣੀ ਲੋਚਦਾ ਹੈ। ਉਹ 100 ਵਿਘਾ ਜਮੀਨ ਦਰਿਆ ਕੰਢੇ ਗੁਰੂ ਸਾਹਿਬ ਨੂੰ ਅਲਾਟ ਕਰਵਾਉਣਾਂ ਸ਼ੁਰੂ ਕਰਦਾ ਹੈ।*

ਅਖੀਰ, ਦੁਨੀ ਚੰਦ ਕ੍ਰੋੜੀਆ ਲਹੌਰ ਦਰਬਾਰ ਤੋਂ ਗੁਰੂ ਨਾਨਕ ਦੇ ਨਾਂ ਤੇ ਰਾਵੀ ਦੇ ਖੱਬੇ ਕੰਢੇ ਤੇ 100 ਵਿਘਾ ਜਮੀਨ ਲਿਖਵਾ ਲਿਆਉਦਾ ਹੈ।

ਸੰਮਤ 1579 ਬਿ. (1522 ਈ) ਚੇਤ੍ਰ ਵੈਸਾਖ ਦੇ ਦਿਨਾਂ ਵਿੱਚ

ਗੁਰੂ ਸਾਹਿਬ ਨੇ ਦੋਦੇ ਦੇ ਲਾਗੇ ਹੀ ਰਾਵੀ ਦੇ ਕੰਢੇ ਬਕਾਇਦਾ ਮੋੜੀ ਗੱਡ ਕੇ◉ ਪਿੰਡ ਬੱਧਾ ਤੇ ਨਾਂ ਰੱਖਿਆ ਰਚਨਹਾਰ ਨਿਰੰਕਾਰ ਦੇ ਨਾਂ ਤੇ 'ਕਰਤਾਰਪੁਰ'। ਜਿਵੇਂ ਫਿਰ ਭਾਈ ਗੁਰਦਾਸ ਨੇ ਲਿਖਿਆ:-

ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥
ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ॥

ਸੋ ਹੁਣ ਸਿੱਖੀ ਦਾ ਧੁਰਾ ਜਾਂ ਹੈਡ ਕਵਾਟਰ ਬੱਝ ਚੁੱਕਾ ਸੀ। ਇਹ ਉਹ ਇਲਾਕਾ ਸੀ ਜਿਸ ਦੇ ਪੱਛਮ ਵਿੱਚ ਇਸਲਾਮ ਸੀ ਤੇ ਪੂਰਬ ਵਿੱਚ ਹਿੰਦੂ ਧਰਮ।

ਕਿਉਂਕਿ ਰਾਵੀ ਦੇ ਇਸ ਬੇਲੇ ਵਿੱਚ ਕਾਨਿਆਂ ਤੇ ਕਾਹ (ਕਾਈ ਜਾਂ ਲੰਮਾ ਘਾਹ) ਦੀ ਭਰਮਾਰ ਹੈ ਇਥੇ ਫਿਰ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਉਚੇ ਟਿੱਬੇ ਤੇ ਤੁਰੰਤ ਛੰਨ ਬਣਾ ਦਿੱਤੀ ਗਈ। ਛੰਨ ਦਾ ਮੂੰਹ ਚੜ੍ਹਦੇ ਪਾਸੇ ਰੱਖਿਆ ਗਿਆ। ਅੰਦਰਵਾਰ ਚੜ੍ਹਦੇ-ਪਹਾੜ ਦੀ ਗੁੱਠ ਵਿੱਚ ਬਾਬੇ ਦਾ ਆਸਣ ਵਾਲਾ ਥੜਾ ਬਣਾਇਆ ਗਇਆ ਜਿਸ ਤੇ ਕਾਈ ਦਾ ਵਿਛਾਉਣਾ ਹੁੰਦਾ ਸੀ। ਬਾਬੇ ਦੇ ਬਰਾਬਰ ਤੇ ਭਾਵ ਛੰਨ ਦੇ ਪਹਾੜ ਪਾਸੇ ਕੀਰਤਨੀਏ ਬਹਿੰਦੇ ਸਨ।

ਛੇਤੀ ਹੀ ਧਰਮਸਾਲ ਤੋਂ ਵੱਖਰੀ ਛੰਨ ਵੀ ਬਣਾ ਦਿੱਤੀ ਗਈ ਜਿੱਥੇ ਸ਼ੁਰੂ ਵਿੱਚ ਗੁਰੂ ਸਾਹਿਬ ਦਾ ਪ੍ਰਵਾਰ ਨਿਵਾਸ ਕਰਦਾ ਸੀ।

ਇਕ ਵੱਖਰੀ ਪਰ ਛੋਟੀ ਜਿਹੀ ਛੰਨ ਇਕੱਲੇ ਬਾਬੇ ਵਾਸਤੇ ਬਣਾ ਦਿੱਤੀ ਗਈ ਜਿਸ ਨੂੰ ਇਤਹਾਸ ਵਿਚ ਖੁੱਡੀ ਲਿਖਿਆ ਗਇਆ ਹੈ।

ਰਾਤ ਨੂੰ ਸੰਗਤ ਵਿੱਚ ਰਬਾਬੀ ਕੀਰਤਨ ਕਰਿਆ ਕਰਦੇ ਸਨ। ਗੁਰੂ ਸਾਹਿਬ ਨਾਲ ਨਾਲ ਹੁੰਗਾਰਾ ਭਰਿਆ ਕਰਦੇ ਸਨ। ਜਦੋਂ ਗੁਰੂ ਸਾਹਿਬ ਹੁੰਗਾਰਾ ਬੰਦ ਕਰ ਦਿੰਦੇ ਤਾਂ ਰਬਾਬੀਆਂ ਨੇ ਆਰਤੀ ਸੋਹਿਲਾ ਪੜ੍ਹ ਕੇ ਭੋਗ ਪਾ ਦੇਣਾ। ਗੁਰੂ ਸਾਹਿਬ ਨੇ ਕਹਿਣਾ ਪੁਰਖੋ ਹੁਣ ਸੌਂ ਜਾਓ। ਹਾਲ ਦੇ ਇਕ ਪਾਸੇ ਫਿਰ ਸਿੱਖ ਸੌਂ ਜਾਇਆ ਕਰਦੇ ਸਨ। ਇਕ ਦੂਸਰੇ ਤੋਂ ਥੋੜਾਂ ਹਟਵੇ ਹਟਵੇ ਹੋ ਕੇ। ਜਦੋਂ ਸਾਰੇ ਸੌ ਜਾਂਦੇ ਬਾਬੇ ਨੇ ਐਵੇ ਮਿੰਟ ਕੁ ਸੌਣਾ ਤੇ ਫਿਰ ਦਰਿਆ ਵਲ ਰਵਾਨਾ ਹੋ ਜਾਂਦਾ ਸੀ। ਇਕ ਸਿੱਖ ਨਾਲ ਹੁੰਦਾ ਸੀ। ਬਾਦ ਵਿੱਚ ਭਾਈ ਲਹਿਣਾ ਦੇ ਆਉਣ ਤੇ ਉਹ ਨਾਲ ਜਾਇਆ ਕਰਦੇ ਸਨ।

ਬਾਬੇ ਨੇ ਆਪਣੀਆਂ ਦੋਵੇ ਚਾਦਰਾਂ ਬੰਨੇ ਰੱਖ ਦੇਣੀਆਂ। ਉਤੇ ਡੰਡਾ ਰੱਖ ਦੇਣਾ ਕਿ ਕਿਤੇ ਉਡਣ ਨਾਂ। ਦਰਿਆ ਵਿੱਚ ਡੁਬਕੀ ਮਾਰਨੀ। ਫਿਰ ਡੂੰਘੇ ਪਾਣੀ ਚਲੇ ਜਾਣਾ ਜਿੱਥੇ ਪਾਣੀ ਗੱਲ ਗੱਲ ਹੋ ਜਾਵੇ। 4-5 ਘੰਟੇ (ਡੇਢ ਪਹਿਰ) ਏਸੇ ਤਰਾਂ ਪਾਣੀ ਵਿੱਚ ਰਹਿਣਾ। ਫਿਰ ਸੂਰਜ ਚੜੇ ਬਾਹਰ ਨਿਕਲਣਾ। ਸਿੱਖ (ਭਾਈ ਲਹਿਣਾ ਜਾਂ ਕੋਈ ਹੋਰ) ਖੁਦ ਇਸ਼ਨਾਨ ਕਰਨ ਉਪਰੰਤ ਦੂਰ ਬੈਠਾ ਉਡੀਕ ਕਰਿਆ ਕਰੇ। ਜਦੋਂ ਬਾਬਾ ਬਾਹਰ ਆਵੇ ਤਾਂ ਕੋਪੀਨ (ਲੰਗੋਟ) ਬਦਲੇ। ਸੁੱਕੀ ਪਾ ਲਵੇ। ਗਿੱਲੀ ਨੂੰ ਨਿਚੋੜ, ਨਾਲ ਲੈ ਲਵੇ।

ਦਰਿਆ ਅੱਧਾ ਕੁ ਕਿ. ਮੀ. ਹਟਵਾ ਪਹਾੜ ਪਾਸੇ ਹੁੰਦਾ ਸੀ। ਇਕ ਵੇਰਾਂ ਤਾਂ ਬਾਬਾ ਵਾਪਸੀ ਤੇ ਇਹੋ ਪੜਦਾ ਰਿਹਾ:-

"ਨਾਮ ਸੁਹਾਵਾ, ਵਖਤੁ ਸੁਹਾਵਾ, ਮੁਖਿ ਆਖਾ ਮਨਿ ਚਾਉ॥'

ਕਈ ਵੇਰ ਕਰਤਾਰਪੁਰ ਤੋਂ ਪਰਾਂ ਉਰਾਂ ਵੀ ਬਾਬੇ ਨੇ ਬਹਿ ਜਾਣਾਂ। ਸਿੱਖਾਂ ਨੇ ਭਾਲ ਕੇ ਫਿਰ ਕਰਤਾਰਪੁਰ ਆ ਸੰਗਤ ਨੂੰ ਸੁਨੇਹਾ ਦੇਣਾ ਕਿ ਫਲਾਣੀ ਰੋੜੀ ਤੇ ਬਾਬਾ ਬਿਰਾਜਮਾਨ ਹੈ। ਸੰਗਤ ਨੇ ਉਥੇ ਹੀ ਆ ਜਾਣਾ। ਆਪਣੇ ਪੈਰਾਂ ਨੂੰ ਬਾਬਾ ਹੱਥ ਨਹੀ ਸੀ ਲਾਉਣ ਦਿਆ ਕਰਦਾ। ਇਸ ਕਰਕੇ ਸਿੱਖਾਂ ਨੇ ਦੂਰੋਂ ਹੀ ਡੰਡਾਉਤ ਬੰਦਨਾਂ ਕਰ ਲੈਣੀ। ਗੁਰੂ ਸਾਹਿਬ ਨੇ ਅਸੀਸ ਦੇਣੀ 'ਨਹੀ ਪੁਰਖਾ! ਕਰਤਾਰ ਭਲਾ ਕਰੇਗਾ'।

ਏਸੇ ਤਰਾਂ ਜਦੋਂ ਕਰਤਾਰਪੁਰ ਤੋਂ ਹਟਵਾ ਹੀ ਇਕੱਠ ਹੋ ਜਾਣਾ ਤੇ ਫਿਰ ਲਾਂਗਰੀ ਨੇ ਆ ਕੇ ਗੁਰੂ ਸਾਹਿਬ ਨੂੰ ਕਹਿਣਾ ਕਿ ਗੁਰੂ ਜੀ ਲੰਗਰ ਤਿਆਰ ਹੈ ਸੰਗਤ ਨੂੰ ਆਗਿਆ ਦੇਵੋ ਕਿ ਲੰਗਰ ਛਕੇ। ਗੁਰੂ ਸਾਹਿਬ ਨੇ ਫਿਰ ਸੰਗਤ ਨੂੰ ਹੁਕਮ ਕਰਨਾਂ ਕਿ ਭਾਈ ਉਠੋ ਕਰਤਾਰਪੁਰ ਪਹੁੰਚ ਲੰਗਰ ਛਕੋ।

ਸਿਆਲ ਦੇ ਦਿਨਾਂ ਵਿੱਚ ਲੰਗਰ ਵਿੱਚ ਖਿਚੜੀ ਨਾਲ ਰੋਟੀ ਹੁੰਦੀ ਸੀ। ਗਰਮੀਆਂ ਦੇ ਦਿਨਾਂ ਵਿੱਚ ਦਾਲ ਰੋਟੀ।**** ਰੋਟੀ ਰੱਜਵੀ ਮਿਲਦੀ ਸੀ। ਕਈ ਵੇਰਾਂ ਇਥੇ ਬਹੁਤ ਭੀੜ ਇਕੱਠੀ ਹੋ ਜਾਂਦੀ। ਪਰ ਹਰ ਕੋਈ ਤ੍ਰਿਪਤ ਹੋ ਕੇ ਜਾਂਦਾ। ਕਦੀ ਲੰਗਰ ਦੀ ਤੋਟ ਨਹੀ ਸੀ ਆਉਦੀ। ਜਾਂਦਾ ਹੋਇਆ ਹਰ ਕੋਈ ਧੰਨ ਬਾਬਾ ਨਾਨਕ! ਧੰਨ ਬਾਬਾ ਨਾਨਕ ਪੁਕਾਰ ਰਿਹਾ ਹੁੰਦਾ।

ਸੋ ਸ਼ੁਰੂ ਸ਼ੁਰੂ ਵਿੱਚ ਕਰਤਾਰਪੁਰ ਵਿਖੇ ਛੰਨ ਬੰਨੀ ਗਈ ਸੀ। ਓਥੇ ਕਾਹ (ਲੰਮਾ ਘਾਹ) ਅਤੇ ਸਰਕੜੇ ਦੀ ਭਰਮਾਰ ਹੈ। ਬਾਦ ਵਿੱਚ ਫਿਰ ਸ਼ਰਧਾਲੂਆਂ ਨੇ ਪੱਕੀ ਇੱਟ ਦੀ ਇਮਾਰਤ ਬਣਾ ਲਈ।

-----◈-----

## ਕਰਤਾਰਪੁਰ ਵਸਾਇਆ
## 1579 ਬਿ. ਚੇਤ੍ਰ ਵਿਸਾਖ

ਜਨਮ ਸਾਖੀਆਂ (ਸੋਢੀ ਮਿਹਰਵਾਨ ਸੋਢੀ 2 -143 ਅਤੇ ਬੀ:40 ਜਨਮਸਾਖੀ) ਵਿੱਚ ਕੁਝ ਇਸ ਤਰਾਂ ਮਿਲਦਾ ਹੈ:-

ਮੂਲ ਲੇਖ ਦਾ ਕੁਝ ਹਿੱਸਾ:-

"ਤਬ ਗੁਰੂ ਨਾਨਕ ਜੀ ਕਰਤਾਰਪੁਰਿ ਆਇ ਟਿਕਿਆ। ਥੁੜ ਬਨਿਆਂ ਦੀ ਖੁਡੀ ਉਸਾਰੀ। ਸੂਰਜ ਕੇ ਸਨਮੁਖ ਦਰ ਰੱਖਿਆ। ਤਬ ਗੁਰੂ ਬਾਬੇ ਓਹੁ ਦਰੁ ਚਣਾਇ ਕਰਿ ਦਖਣ ਕੀ ਕੁੰਟ ਚੰਨੇ ਕੇ ਵਿਚਿ ਦਰੁ ਰਖਿਆ। ਜਿਤਨੇ ਨਿਵਿ ਕਰਿ ਇਕ ਆਦਮੀ ਵਿਚਿ ਵੜੇ। ਲੰਮੀ ਖੁਡੀ ਅਤੈ ਉਤਰ ਕੇ ਚੰਨੋ ਅੰਦਰਿ ਵਾਰਿ ਬਾਬੇ ਕੀ ਬੈਸਕ, ਰੋੜਾਂ ਕਾ ਚਉਤੜਾ, ਮੰਜੇ ਜਿਤਨਾ ਕੁ, ਉਸ ਉਤੇ ਕੱਖਾਂ ਕੀ ਪੂਲੀ ਵਿਛਾਇ ਕਰ ਬਾਬਾ ਬੈਠੇ।

ਰਬਾਬੀ ਕੀਰਤਨ ਕਰੇ ਸੰਗਤ ਪਾਸਿ ਬੈਠੇ। ਜਿਚਰ ਤੀਕੁ ਗੁਰੂ ਬਾਬਾ ਬੈਠਾ ਰਬਾਬੀ ਨੂੰ ਹੁਗਾਰਾ ਭਰੇ, 'ਹੁੰ' ਕਰੇ ਤੀਚਰ ਤੀਕ ਰਬਾਬੀ ਗਾਵੇ। ਜਾਂ ਬਾਬਾ ਹੂੰ ਕਰਣੇ ਤੇ ਰਹੈ ਤਾਂ ਰਬਾਬੀ ਆਰਤੀ ਸੋਹਿਲਾ ਕਰੈ। ਤਬ ਰਬਾਬੀ ਨੂੰ ਆਗਿਆ ਹੋਵੇ ਕਿ ਸਵਹੁ ਪੁਰਖਾ। ਤਬ ਸਿਖ ਇਕਤਿ ਤਰਫ ਹੋਇ ਕਰਿ, ਸਵਿ ਜਾਨਿ। ਦੂਰਿ ਦੂਰਿ ਹੋਇ ਕਰ ਟਿਕ ਜਾਨਿ। ਗੁਰੂ ਬਾਬਾ ਬਿੰਦਕ ਲੰਮੇ ਆਸਣਿ ਹੋਇ ਕਰਿ, ਫਿਰਿ ਉਠਿ ਦਰੀਆਇ ਜਾਇ। ਹੋਰ ਸਭਿ ਸਵਿ ਜਾਨਿ।

ਅਰਥ:

(ਬਾਬਾ ਕਰਤਾਰਪੁਰ ਆ ਵੱਸਿਆ। ਉਚੇ ਟਿੱਬੇ ਉਤੇ ਖੁੱਡ ਬਣਵਾਈ। ਚੜ੍ਹਦੇ ਪਾਸੇ ਦਰ ਰਖਿਆ , ਪਰ ਨੀਵੀ ਨੀਵੀ ਕੰਧ ਚਿਣਾ ਦਿੱਤੀ। ਫਿਰ ਦੱਖਣ ਪਾਸੇ ਦੇ ਚੰਨਿਆਂ ਵਿੱਚ ਦਰ ਰੱਖਿਆ ਹੋਇਆ ਸੀ। ਬੂਹੇ ਦੀ ਉਚਾਈ ਇੰਨੀ ਕੇ ਮਸਾਂ ਨਿਉ ਕੇ ਬੰਦਾ ਅੰਦਰ ਜਾ ਸਕਦਾ ਸੀ। ਦੱਖਣ-ਪਹਾੜ ਦੀ ਬਾਹੀਆਂ ਦੀ ਚੋਖੀ ਲੰਬਾਈ। ਪਹਾੜ ਪਾਸੇ ਫਿਰ ਬਾਬੇ ਦਾ ਆਸਣ ਹੁੰਦਾ। ਮੰਜੇ ਕੁ ਜਿੰਨਾ ਚੌਂਤਰਾ ਤੇ ਉਤੇ ਰੋੜਾਂ ਦੀ ਭਰਤੀ। ਉਤੇ ਬੇਲੇ ਦਾ ਲੰਮਾ ਘਾਹ (ਜਿਹਨੂੰ ਕਾਹ ਕਹਿੰਦੇ) ਉਹ ਵਿਛਾਇਆ ਹੁੰਦਾ, ਜਿੱਥੇ ਬਾਬਾ ਬਿਰਾਜਦਾ।)

ਸੋਢੀ ਅਨੁਸਾਰ ਗੁਰੂ ਸਾਹਿਬ ਦਾ ਖਾਣਾ ਇਕੋ ਹੁੰਦਾ ਸੀ: ਤਲੀ ਤੇ ਰੇਤ ਤੇ ਅੱਕ ਦੀ ਖਖੜੀ। ਇਥੇ ਲੱਗਦਾ ਸੋਢੀ ਭਾਈ ਗੁਰਦਾਸ ਤੋਂ ਪ੍ਰਭਾਵਤ ਹੋ ਕਿ ਲਿਖ ਰਿਹਾ ਹੈ ਕਿਉਕਿ ਭਾਈ ਸਾਹਿਬ ਨੇ ਲਿਖਿਆ ਹੈ, "ਪਹਿਲਾਂ ਬਾਬੇ ਪਾਯਾ ਬਖਸ ਦਰ ਪਿੱਛੋਂ ਦੇ ਫਿਰ ਘਾਲ ਕਮਾਈ॥ ਰੇਤ ਅੱਕ ਆਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ॥ ਭਾਰੀ ਕਰੀ ਤੱਪਸਿਆ ਬਡੇ ਭਾਗ ਹਰਿ ਸਿਉਂ ਬਨਿ ਆਈ॥ " ਗੁਰੂ ਸਾਹਿਬ ਦੀ ਬਾਣੀ ਹਾਲਾਂ ਇਸ ਗੱਲ ਨੂੰ ਤਸਦੀਕ ਨਹੀ ਕਰਦੀ। ਗੁਰੂ ਸਾਹਿਬ ਦਾ ਮਾਰਗ ਰਜਾ ਦਾ ਹੈ। ਉਹ ਸਰੀਰ ਨੂੰ ਤਸੀਹੇ ਦੇ ਸਖਤ ਖਿਲਾਫ ਸਨ।

ਬਾਕੀ ਜਿਹੜਾ ਭਾਈ ਗੁਰਦਾਸ ਤੇ ਹੋਰਨਾਂ ਜਨਮਸਾਖੀਆਂ ਨੇ ਰੋੜਾਂ ਦੀ ਵਿਛਾਈ ਤੇ ਰੇਤ-ਅੱਕ ਅਹਾਰ ਦਾ ਭੋਜਨ ਕਰਨ ਦੀ ਗੱਲ ਕਹੀ ਹੈ ਉਹ ਵੀ ਗੁਰਮਤ ਨਾਲ ਮੇਲ ਨਹੀ ਖਾਂਦੀ। ਲਗਦਾ ਹੈ ਭਾਈ ਸਾਹਿਬ ਇਕ ਤਰਾਂ ਨਾਲ ਮੁਹਾਵਰਾ ਵਰਤਿਆ ਕਿ ਸਾਹਿਬ ਨੇ ਕਠਿਨ ਤਪੱਸਿਆ ਕੀਤੀ ਪਰ ਲੋਕਾਂ ਨੇ ਲਫਜੀ ਮਾਇਨੇ ਲੈ ਲਏ ਹਨ। ਗੁਰੂ ਸਾਹਿਬ ਨੇ ਤਾਂ ਥਾਂ ਥਾਂ ਜਾ ਧਰਮ ਦੇ ਨਾਂ ਤੇ ਸਰੀਰਕ ਤਸੀਹੇ ਦੇਣ ਦੀ ਮੁਖਾਲਫਤ ਕੀਤੀ ਸੀ।



"ਬਾਬੇ ਨੇ ਖੁੰੜ ਬਨਿਆ ਦੀ ਖੁੰਡੀ ਉਸਾਰੀ" ਭਾਵ ਗਰੀਬ ਲੋਕਾਂ ਵਾਲਾ ਕਮਰਾ ਪਾਇਆ

**ਮੋੜੀ ਗੱਡਣੀ** - ਅੱਜ ਤੋਂ ਸਦੀ ਪਹਿਲਾਂ ਤਕ ਜਦੋ ਵੀ ਕੋਈ ਪਿੰਡ ਜਾਂ ਸ਼ਹਿਰ ਵਸਾਇਆ ਜਾਂਦਾ ਸੀ ਤਾਂ ਓਥੇ ਸਭ ਤੋਂ ਪਹਿਲਾਂ ਕਿਸੇ ਦਰੱਖਤ (ਬੇਰੀ, ਤੂਤ, ਟਾਹਲੀ ਆਦਿ) ਦਾ ਤਣਾ ਗੱਡ ਦਿੱਤਾ ਜਾਂਦਾ ਸੀ। ਕਈ ਵਾਰੀ ਇਹ ਤਣੇ ਹਰੇ ਵੀ ਹੋ ਜਾਂਦੇ ਸਨ ਤੇ ਇਸ ਪ੍ਰਕਾਰ ਅਜਿਹਾ ਰੁੱਖ ਫਿਰ ਪੂਜਣ ਯੋਗ ਬਣ ਜਾਂਦਾ ਸੀ।

ਕਈ ਥਾਂਈ ਮੋੜੀ ਗੱਡਣ ਕਿੱਲਾ ਗੱਡਣਾ ਵੀ ਕਿਹਾ ਜਾਂਦਾ ਹੈ। ਇਹ ਇਕ ਤਰਾਂ ਨਾਲ ਕਬਜੇ ਜਾਂ ਮਾਲਕੀਅਤ ਦਾ ਸੰਕੇਤ ਹੁੰਦਾ ਸੀ।

ਉਂਜ ਹੈਰਾਨੀ ਹੁੰਦੀ ਹੈ ਜਿਹੜਾ ਇਤਹਾਸ ਵਿਚ ਆਉਦਾ ਹੈ ਕਿ ਗੁਰੂ ਸਾਹਿਬ ਨੇ ਮੋੜੀ ਗੱਡੀ। ਇਹ ਗਲ ਗੁਰੂ ਸਾਹਿਬ ਦੀ ਸੋਚ ਦੇ ਉਲਟ ਜਾਂਦੀ ਹੈ। ਓਹਨੀ ਦਿਨੀਂ ਹੋ ਸਕਦਾ ਇਹ ਜਰੂਰੀ ਰਸਮ ਹੋਵੇ।

-----◆-----

## ਮਾਤਾ ਚੋਣੀ ਅਤੇ ਲਖਮੀ ਚੰਦ ਪੱਖੋਕੇ ਡੇਰੇ ਹੀ ਸ਼ਾਮਲ ਹੋ ਗਏ ਸਨ

ਕਿਉਕਿ ਮਾਤਾ ਸੁਲੱਖਣੀ ਅਤੇ ਪੁੱਤਰਾਂ ਲਖਮੀ ਚੰਦ ਆਦਿ ਨੇ ਵੇਖ ਲਿਆ ਸੀ ਕਿ ਕਿਵੇ ਅਜਿਤੇ ਵਾਲੀ ਧਰਮਸਾਲਾ ਵਿੱਚ ਰੌਣਕਾਂ ਲੱਗੀਆਂ ਰਹਿੰਦੀਆਂ ਨੇ। ਇਨਾਂ ਨੂੰ ਥੋੜੀ ਈਰਖਾ ਵੀ ਹੋਈ ਕਿ ਕਿਵੇ ਉਨਾਂ ਦੇ ਪਿਤਾ ਦੇ ਸਾਰੇ ਸਿਲਸਲੇ ਦਾ ਅਜਿਤਾ ਰੰਧਾਵਾ ਮਾਲਕ ਜਾਂ ਕਾਰਦਾਰ (ਮਿਨੇਜਰ) ਬਣਿਆ ਬੈਠਾ ਹੈ। ਕਿਤੇ ਕਿਤੇ ਇਹ ਵੀ ਜਿਕਰ ਮਿਲਦਾ ਹੈ ਕਿ ਬੇਬੇ ਨਾਨਕੀ ਅਤੇ ਭਾਈਆ ਜੈ ਰਾਮ ਵੀ ਇਥੇ ਆ ਚੁੱਕੇ ਸਨ। ਗੁਰੂ ਸਾਹਿਬ ਦੀ ਸਰੀਰਕ ਗੈਰਹਾਜਰੀ ਮੌਕੇ ਦੂਰੋਂ ਨੇੜਿਓ ਆ ਰਹੀ ਸੰਗਤ ਨੂੰ ਸੰਤੋਖਣਾਂ ਬਹੁਤ ਜਰੂਰੀ ਸੀ। ਲੰਗਰ ਸੇਵਾ ਮਾਤਾ ਸੁਲੱਖਣੀ ਚੋਣੀ ਨੇ ਸਾਂਭ ਲਈ ਸੀ। ਲੰਗਰ ਰਸਦ, ਰਹਾਇਸ਼ ਆਦਿ ਦਾ ਸਾਰਾ ਬੰਦੋਬਸਤ ਅਜਿਤੇ ਕੋਲ ਹੁੰਦਾ ਪਰ ਰੂਹਾਨੀਅਤ ਪੱਖੋ

ਰਹਿਨੁਮਾਈ ਬੇਬੇ ਨਾਨਕੀ ਤੇ ਭਾਈ ਭਾਗੀਰਥ ਭਾਈ ਸਧਾਰਣ ਜਿਹੇ ਸਿੱਖ ਕਰਦੇ।

ਪਰ ਜਿਵੇਂ ਗੁਰੂ ਸਾਹਿਬ ਨੇ ਕਰਤਾਰਪੁਰ ਦੀ ਸਥਾਪਨਾ ਕਰ ਦਿੱਤੀ ਤਾਂ ਪੁੱਤਰ ਲਖਮੀ ਚੰਦ ਨੇ ਬੰਦੋਬਸਤ ਵਿੱਚ ਦਖਲ ਅੰਦਾਜ਼ੀ ਸ਼ੁਰੂ ਕਰ ਦਿੱਤੀ ਸੀ। ਗੁਰੂ ਸਾਹਿਬ ਦੇ ਸਹੁਰਾ ਅਤੇ ਸੱਸ ਪਿੰਡ ਪੱਖੋਕੇ ਵਿਖੇ ਹੀ ਰਹੇ।

ਕਰਤਾਰਪੁਰ ਹੁਣ ਰੌਣਕਾਂ ਹੀ ਰੌਣਕਾਂ ਲੱਗੀਆਂ ਰਹਿੰਦੀਆਂ ਸਨ।

-----◆-----

## ਬਾਬਾ ਸ੍ਰੀ ਚੰਦ ਵੀ ਕਰਤਾਰਪੁਰ ਆ ਗਏ

ਕਈ ਗੁਰਸਿੱਖ ਇਤਹਾਸਕਾਰਾਂ (ਗਿਆਨੀ ਤੇ ਹੋਰਨਾਂ ) ਨੇ ਲਿਖਿਆ ਹੈ ਕਿ ਗੁਰੂ ਸਾਹਿਬ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਜਦੋਂ ਗੁਰਿਆਈ ਦੀ ਪ੍ਰੀਖਿਆ ਵਿੱਚ ਨਾਕਾਮ ਹੋ ਗਏ ਤਾਂ ਓਦੋਂ ਸਿਰ ਵਿੱਚ ਸੁਆਹ ਪਾ ਕੇ ਟਾਹਲੀ ਹੇਠ ਬੈਠ ਗਏ ਸਨ। ਜਦੋਂ ਕਿ ਬਾਬਾ ਜੀ ਦੀ ਜੀਵਨੀ ਪੜ੍ਹਨ ਤੇ ਪਤਾ ਲੱਗਦਾ ਹੈ ਕਿ ਨਾਨੇ ਦੀਆਂ ਝਿੜਕਾਂ ਤੋਂ ਤੰਗ ਆ ਉਹ ਛੋਟੀ ਉਮਰੇ ਹੀ ਸਾਧ ਬਣ ਗਏ ਸਨ ਤੇ ਕੰਨ ਪਾਟੇ ਸੰਪਰਦਾਇ ਵਿੱਚ ਸ਼ਾਮਲ ਹੋ ਗਏ ਸਨ। ਇਨਾਂ ਦਾ ਮੁਕਾਮ ਸ੍ਰੀ ਨਗਰ ਹੁੰਦਾ ਸੀ।

ਕਿਉਕਿ ਕਰਤਾਰਪੁਰ ਵਿਖੇ ਜੋਗੀ ਤੇ ਹੋਰ ਸੰਨਿਆਸੀਆਂ ਦੀ ਵੀ ਵੱਡੀ ਆਵਾਜਾਈ ਲੱਗੀ ਰਹਿੰਦੀ ਸੀ ਜਿਸ ਕਰਕੇ ਬਾਬਾ ਸ੍ਰੀ ਚੰਦ ਵਾਸਤੇ ਕਰਤਾਰਪੁਰ ਵਿੱਚ ਆ ਬਹਿਣਾ ਸੌਖਾ ਹੋ ਗਿਆ। ਉਂਜ ਵੀ ਜਦੋਂ ਪਿਤਾ ਸਮਾਜ ਵਿੱਚ ਇਨ੍ਹਾਂ ਹਰਮਨਪਿਆਰਾ ਤੇ ਮਕਬੂਲ ਹੋ ਚੁੱਕਾ ਸੀ ਤਾਂ ਕੋਈ ਵੀ ਉਦਾਸੀ ਪੁੱਤਰ ਅਜਿਹੇ ਸਥਾਨ ਤੇ ਮਹੰਤ ਬਣਨਾ ਹੀ ਪਸੰਦ ਕਰੇਗਾ ਜਿੱਥੇ ਰੋਜਾਨਾ ਹਜਾਰਾਂ ਦੀ ਗਿਣਤੀ ਵਿੱਚ ਸੰਗਤਾਂ ਆ ਰਹੀਆਂ ਹੋਣ। ਖੁਦ ਬਾਬਾ ਸ੍ਰੀ ਚੰਦ ਦੀ ਸੰਪਰਦਾ ਨੇ ਵੀ ਇਹੋ ਚਾਹਿਆ ਹੋਵੇਗਾ ਕਿ ਆਪਣੇ ਬੰਦੇ ਭਾਵ ਸ੍ਰੀ ਚੰਦ ਰਾਂਹੀ ਅਜਿਹੇ ਅਸਥਾਨ ਤੇ ਇਸਦਾ ਕੰਟਰੋਲ ਹੋਵੇ।

ਸੋ ਬਾਬਾ ਸ੍ਰੀ ਚੰਦ ਵੀ ਕਰਤਾਰਪੁਰ ਵਿਖੇ ਹੀ ਆ ਬਿਰਾਜੇ ਸਨ।

-----◆-----

## ਮਾਤਾ ਪਿਤਾ ਵੀ ਕਰਤਾਰਪੁਰ ਆ ਗਏ

ਓਧਰੋਂ ਸੁਨੇਹੇ ਆ ਰਹੇ ਸਨ ਕਿ ਤਲਵੰਡੀ ਵਿਖੇ ਮਾਤਾ ਪਿਤਾ ਢਿੱਲੇ ਮੱਠੇ ਰਹਿੰਦੇ ਹਨ। ਪਿਛਲੀ ਵਾਰ ਜਦੋਂ ਗੁਰੂ ਸਾਹਿਬ ਤਲਵੰਡੀ ਗਏ ਸਨ ਤਾਂ ਮਾਤਾ ਪਿਤਾ ਨੇ ਜ਼ਿੱਦ ਕੀਤੀ ਸੀ ਕਿ ਸਾਡੇ ਕੋਲ ਹੀ ਹੁਣ ਰਹੋ।

ਗੁਰੂ ਸਾਹਿਬ ਨੇ ਮਰਦਾਨੇ ਨੂੰ ਅਜਿਤਾ ਰੰਧਾਵੇ ਦਾ ਗੱਡਾ ਦੇ ਭੇਜਿਆ ਤੇ ਮਾਤਾ ਪਿਤਾ ਨੂੰ ਵੀ ਕਰਤਾਰਪੁਰ ਹੀ ਮੰਗਾ ਲਿਆ। ਮਰਦਾਨਾ ਨੇ ਆਪਣਾ ਪ੍ਰਵਾਰ ਵੀ ਲਿਆਉਣਾ ਚਾਹਿਆ ਪਰ ਗੱਡੇ ਵਿੱਚ ਥਾਂ ਨਾਂ ਹੋਣ ਕਰਕੇ ਨਾਂ ਲਿਆ ਸਕਿਆ ਤੇ ਸੋਚਿਆ ਕਿ ਕਿਸੇ ਆਉਂਦੇ ਜਾਂਦੇ ਦੇ ਰਾਂਹੀ ਮੰਗਵਾ ਲਵਾਂਗਾ।

ਰਾਤ ਕਿਤੇ ਰਾਹ ਵਿੱਚ ਹੀ ਮਾਤਾ ਪਿਤਾ ਤੇ ਮਰਦਾਨੇ ਨੇ ਕਿਸੇ ਜਾਣ ਪਛਾਣ ਵਾਲੇ ਦੇ ਘਰ ਨਾਰੰਗ ਮੰਡੀ ਆਦਿ ਕਿਸੇ ਪਿੰਡ ਕਸਬੇ ਵਿੱਚ ਗੁਜਾਰੀ। ਅਗਲੇ ਦਿਨ ਜਦੋ ਸੰਙਣੇ ਬੇਲੇ ਵਿਚੋਂ ਜਦੋਂ ਗੱਡਾ ਗੁਜਰ ਰਿਹਾ ਸੀ ਤਾਂ ਪਿਤਾ ਕਾਲੂ ਬੁੜ ਬੁੜ ਕਰ ਰਹੇ ਸਨ ਕਿ ਇਸ ਮੁੰਡੇ ਨੇ ਸਾਨੂੰ ਕਿਥੇ ਸੱਦ ਲਿਆ ਹੈ। ਅਖੀਰ ਲੌਢੇ ਵੇਲੇ 175 ਕਿ. ਮੀ. ਦਾ ਪੈਂਡਾ ਕਰਕੇ ਮਾਤਾ ਪਿਤਾ ਆਪਣੇ ਪੁੱਤਰ ਦੇ ਡੇਰੇ ਪਹੁੰਚ ਗਏ।

ਜੰਗਲ ਵਿੱਚ ਜਦੋਂ ਮੰਗਲ ਲੱਗਾ ਵੇਖਿਆ ਤਾਂ ਮਾਤਾ ਪਿਤਾ ਦੇ ਸਾਰੇ ਦੁਖ ਦੂਰ ਹੋ ਗਏ। ਨੂੰਹ ਪੋਤਰੇ ਨੂੰ ਵੇਖ ਵੀ ਗੱਦ ਗੱਦ ਹੋ ਉਠੇ। ਮਾਤਾ ਨੇ ਘੁੱਟ ਕੇ ਪੁੱਤਰ ਨੂੰ ਵੀ ਜੱਫੀ ਪਾਈ, "ਚੰਗਾ ਪੁੱਤਰ ਜਿੱਥੇ ਵੀ ਤੈਨੂੰ ਚੰਗਾ ਲੱਗਦਾ ਰਹੋ ਪਰ ਹੁਣ ਨਾਂ ਜਾਵੀ ਪ੍ਰਦੇਸ।" ਪਿਤਾ ਕਾਲੂ ਨੂੰ ਥੋੜਾ ਮਾਣ ਵੀ ਮਹਿਸੂਸ ਹੋ ਰਿਹਾ ਸੀ। ਉਨੂੰ ਪਤਾ ਲੱਗ ਚੁੱਕਾ ਸੀ ਕਿ ਪੁੱਤਰ ਦੀ ਚਾਰ ਚੁਫੇਰੇ ਪੁੱਛ ਪੜਤਾਲ ਹੈ। ਦੇਸ ਦੇ ਰਾਜੇ ਤਾਂ ਕੀ ਉਹਨੂੰ ਤਾਂ ਪ੍ਰਦੇਸਾਂ ਵਿੱਚ ਵੀ ਮੰਨਿਆ ਜਾਂਦਾ ਹੈ।

ਅਗਲੇ ਹੀ ਦਿਨ ਓਨਾਂ ਨੇ ਧਰਮਸਾਲ ਦੇ ਪ੍ਰਬੰਧ ਵਿੱਚ ਟੋਕਾ ਟੋਕੀ ਸ਼ੁਰੂ ਕਰ ਦਿੱਤੀ।

—▲—

**ਪੈੜ ਸਫ਼ਾ**

ਯਾਦ ਰਹੇ ਗੁਰੂ ਸਾਹਿਬ ਨੇ ਪਹਿਲੀ ਉਦਾਸੀ ਤੋਂ ਪਰਤਣ ਵੇਲੇ 1569 ਬਿਕਰਮੀ ਮੁਤਾਬਿਕ 1512 ਈ ਨੂੰ ਪੱਖੋਕੇ ਆਉਣਾ ਸ਼ੁਰੂ ਕਰ ਦਿੱਤਾ ਸੀ।

ਸੋ ਇਸ ਪ੍ਰਕਾਰ ਡੇਰਾ ਬਾਬਾ ਨਾਨਕ ਵਾਲਾ ਜਿਹੜਾ ਦਰਬਾਰ ਸਾਹਿਬ ਗੁਰਦੁਆਰਾ ਹੈ ਇਹ ਓਦੋਂ ਤੋਂ ਹੀ ਧਰਮਸਾਲ ਬਣ ਗਇਆ ਸੀ।

ਫਿਰ 1579 ਬਿਕਰਮੀ ਮੁਤਾਬਿਕ ਸੰਨ 1522 ਈ ਨੂੰ ਗੁਰੂ ਸਾਹਿਬ ਨੇ ਕਰਤਾਰਪੁਰ ਦੀ ਨੀਂਹ ਰੱਖੀ ਸੀ। (ਕਾਹਨ ਸਿੰਘ ਨਾਭਾ-301) ਛਿੱਬੜ-47 ਨੇ ਸੰਮਤ 1582 ਲਿਖਿਆ ਹੈ।

ਕਈ ਲਿਖਾਰੀਆਂ (ਗਿਆਨੀ- 185) ਨੇ ਕਰਤਾਰਪੁਰ ਸਾਹਿਬ ਦੀ ਨੀਂਹ 13 ਮਾਘ 1572 ਬਿ. ਨੂੰ ਰੱਖਣਾ ਲਿਖਿਆ ਹੈ ਜੋ ਕਿ ਗਲਤ ਹੈ। ਇਸ ਤਾਰੀਖ ਨੂੰ ਗੁਰੂ ਸਾਹਿਬ ਪੱਖੋਕੇ ਆਏ ਹੋ ਸਕਦੇ ਹਨ। ਭਾਈ ਗੁਰਦਾਸ ਨੇ ਸਾਫ ਲਿਖਿਆ ਹੈ ਕਿ ਕਰਤਾਰਪੁਰ ਦੀ ਨੀਹ ਰੱਖਣ ਉਪਰੰਤ ਗੁਰੂ ਸਾਹਿਬ ਨੇ ਯਾਤਰਾਵਾਂ ਘੱਟ ਕਰ ਦਿੱਤੀਆਂ ਸਨ ਤੇ ਗ੍ਰਿਸਤੀ ਕਪੜੇ ਪਾ ਲਏ ਸਨ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਆਪਾਂ 1579 ਦਾ ਸਾਲ ਸਹੀ ਮੰਨੀਏ ਤਾਂ। ਡੇਰਾ ਬਾਬਾ ਨਾਨਕ ਦੀ ਉਂਜ ਤਰਤੀਬਵਾਰ ਜਦੋਂ ਆਪਾਂ ਘਟਨਾਵਾਂ ਹੁੰਦੀਆਂ ਵੇਖ ਰਹੇ ਹੁੰਦੇ ਹਾਂ ਤਾਂ ਆਪ ਮੁਹਾਰੇ ਇਹ ਸਾਲ ਨਿਕਲ ਆਉਂਦਾ ਹੈ। ਇਸ ਸਾਲ ਤੋਂ ਬਾਦ ਲੰਮੀਆਂ ਉਦਾਸੀਆਂ ਬੰਦ ਹੋ ਜਾਂਦੀਆਂ 7-8 ਸਾਲ ਬਾਦ ਜਾ ਕੇ ਫਿਰ ਗੁਰੂ ਸਾਹਿਬ ਮੱਕੇ ਮਦੀਨੇ ਵਲ ਫੇਰਾ ਪਾਉਂਦੇ ਹਨ।

ਛਿੱਬੜ ਦੀ ਗੱਲ ਵੀ ਨਹੀ ਮੰਨੀ ਜਾ ਸਕਦੀ ਕਿਉਕਿ ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਦਾ ਚਲਾਣਾ 1579 ਬਿ. ਵਿੱਚ ਕਰਤਾਰਪੁਰ ਹੋਣਾ ਲਿਖਿਆ ਮਿਲਦਾ ਹੈ। (ਖਜਾਨ-106 )

ਸੋ ਪੱਖੋਕੇ ਵਾਲੀ ਧਰਮਸਾਲ (ਦਰਬਾਰ ਸਾਹਿਬ ਡੇਰਾ ਬਾਬਾ ਨਾਨਕ) ਦੀ ਨੀਹ-1569 ਬਿ. ਅਰਥਾਤ 1512 ਈ. ।

ਤਰੀਕਾਂ (ਸਾਲਾਂ) ਦਾ ਭੁਲੇਖਾ ਲਿਖਾਰੀਆਂ ਨੂੰ ਇਸ ਕਰਕੇ ਪਿਆ ਹੈ ਕਿਉਕਿ ਇਥੇ ਤਿੰਨ ਸਥਾਨ ਬਣਦੇ ਹਨ:-

1. ਧਰਮਸਾਲ ਡੇਰਾ ਅਜਿਤਾ ਰੰਧਾਵਾ( ਜਿਥੇ ਅੱਜ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਹੈ। ਪਹਿਲੀ ਉਦਾਸੀ ਬਾਦ ਜਦੋਂ ਗੁਰੂ ਸਾਹਿਬ ਸਹੁਰੇ ਆਏ ਤਾਂ ਪਿੰਡ ਪੱਖੋਕੇ ਜਾਣ ਦੇ ਬਿਜਾਏ ਅਜਿਤੇ ਦੇ ਡੇਰੇ ਤੇ ਠਹਿਰੇ ਸਨ ਜੋ ਕਿ ਪੱਖੋਕਿਆਂ ਤੋਂ ਕੋਈ ਤਿੰਨ ਕਿ.ਮੀ ਹਟਵਾ ਸੀ।
2. ਧਰਮਸਾਲ, ਦੋਦਾ। ਇਹ ਵੀ 1947 ਤਕ ਕਾਇਮ ਸੀ।
3. ਕਰਤਾਰਪੁਰ ਸਾਹਿਬ ਜੋ ਦੁਨੀ ਚੰਦ ਕ੍ਰੋੜੀਏ ਦੀ ਜਮੀਨ ਅਲਾਟ ਕਰਨ ਤੇ ਬਣੀ।

ਬਾਬ-53

# ਕਰਤਾਰਪੁਰ ਦੇ ਕੌਤਕ: ਭਾਗ-4

## (1522 ਤੋਂ 1529 ਈ.)

ਕਰਤਾਰਪੁਰ ਦੀ ਸਥਾਪਣਾ ਨਾਲ ਹੁਣ ਗੁਰੂ ਸਾਹਿਬ ਦਾ ਮੁਕਾਮ (Headquarter) ਬਣ ਗਇਆ ਸੀ। ਇਥੋਂ ਹੀ ਫਿਰ ਗੁਰੂ ਸਾਹਿਬ ਜੰਮੂ ਕਸ਼ਮੀਰ ਦੇ ਬਾਕੀ ਬਚੇ ਇਲਾਕੇ ਵਿਚ ਗਏ ਤੇ ਇਥੋਂ ਹੀ ਵੱਡੇ ਪੰਜਾਬ ਦੀਆਂ ਥਾਂ ਥਾਂ ਫੇਰੀਆਂ ਲਈ ਰਵਾਨਾ ਹੋਇਆ ਕਰਦੇ ਸਨ। ਲਗਦਾ ਹੈ ਕਿ ਗੁਰੂ ਸਾਹਿਬ ਦੀ ਕੋਸ਼ਿਸ਼ ਹੁੰਦੀ ਸੀ ਘੱਟੋ ਘੱਟ ਹਰ ਮਹੀਨੇ ਦੀ ਪੁੰਨਿਆ ਨੂੰ ਕਰਤਾਰਪੁਰ ਵਿਖੇ ਹੀ ਹਾਜਰ ਰਹਿਣ। ਪਰ ਧਿਆਨ ਰਹੇ 1522 ਤੋਂ 1529 ਈ. ਤਕ ਬਹੁਤਾ ਸਮਾਂ ਸਾਹਿਬ ਨੇ ਕਰਤਾਰਪੁਰ ਵਿਖੇ ਹੀ ਗੁਜਾਰਿਆ ਸੀ। ਪੰਜਾਬ ਦੇ ਕਈ ਮੁਕਾਮੀ ਦੌਰੇ ਚੌਥੀ ਉਦਾਸੀ ਤੋਂ ਬਾਦ ਹੁੰਦੇ ਨੇ ਤੇ ਕਦੀ ਭਾਈ ਲਹਿਣਾ ਨਾਲ ਹੋਇਆ ਕਰਦੇ ਸਨ।

ਇਸ ਮਰਹਲੇ ਵਿਚ ਉਹ ਘਟਨਾਵਾਂ ਆ ਰਹੀਆਂ ਹਨ ਜੋ ਉਹਨਾਂ ਦੇ ਕਰਤਾਰਪੁਰ ਸਾਹਿਬ ਬਿਰਾਜਨ ਦੌਰਾਨ ਵਾਪਰੀਆਂ। (ਸਰੋਤ: ਜਿਆਦਾਤਰ ਸੋਢੀ ਮਿਹਰਬਾਨ)



ਕਰਤਾਰਪੁਰ (ਸੰਨ 2004)

### ਮਾਤਾ ਕਹਿੰਦੀ "ਪੁੱਤਾ ਤੂੰ ਕਿਹੜੇ ਧਰਮ ਨੂੰ ਮੰਨਦੈ ?"

ਨਾ ਤੂੰ ਸੰਨਿਆਸੀ, ਨਾਂ ਤੂੰ ਜੋਗੀ, ਨਾਂ ਤੂੰ ਵੈਸਨੋ, ਨਾਂ ਤੂੰ ਸਾਧੂ, ਨਾਂ ਤੂੰ ਫਕੀਰ। ਮੈਨੂੰ ਕੁਝ ਸਮਝ ਨਹੀ ਆਉਦੀ ?

ਮਾਤਾ ਤ੍ਰਿਪਤਾ ਅਤੇ ਪਿਤਾ ਮਹਿਤਾ ਕਾਲੂ ਨੂੰ ਕਰਤਾਰਪੁਰ ਰਹਿੰਦਿਆਂ ਕੁਝ ਦਿਨ ਹੋ ਗਏ ਸਨ। ਹੁਣ ਤਾਂ ਖੁੱਲੀਆਂ ਗੱਲਾਂ ਹੋਣੀਆਂ ਸ਼ੁਰੂ ਹੋ ਗਈਆਂ ਸਨ। ਲੜਨਾ ਝਗੜਨਾ। ਸ਼ਰੀਕਾ। ਸਭ ਕੁਝ ਸ਼ੁਰੂ ਹੋ ਗਇਆ ਸੀ। ਮਾਤਾ ਨੇ ਵੇਖਿਆ ਕਿ ਗੁਰੂ ਨਾਨਕ ਤਾਂ ਸਾਧੂਆਂ ਵਾਲੇ ਕੋਈ ਕੰਮ ਨਹੀ ਕਰਦਾ।

ਮਾਤਾ ਜੀ ਹਾਰ ਕੇ ਮਹਿਤਾ ਕਾਲੂ ਜੀ ਕੋਲ ਕਾਨਾ ਫੂਸੀ ਕਰਦੀ ਹੈ ਕਿ ਇਥੇ ਕੀ ਚਲ ਰਿਹਾ ਹੈ? ਇਹ ਜਦੋਂ ਅਰਾਧਨਾ ਕਰਦਾ ਹੈ ਨਾਂ ਇਹ ਧੂਪ ਦਿੰਦਾ ਨਾਂ ਅਗਰਬੱਤੀ। ਇਹ ਵਰਤ ਵੀ ਨਹੀ ਰੱਖਦਾ। ਨਾਂ ਇਹਨੇ ਕੋਈ ਇਥੇ ਮੂਰਤੀ ਰੱਖੀ ਹੈ ਪੂਜਣ ਲਈ। ਇਥੇ ਵੇਦ ਸਿਮ੍ਰਤੀ ਪੁਰਾਣ ਆਦਿ ਦਾ ਪਾਠ ਵੀ ਨਹੀ ਹੁੰਦਾ। ਨਾਂ ਹੀ ਭਗਵਾਨ ਕ੍ਰਿਸ਼ਨ, ਰਾਮ ਜੀ ਜਾਂ ਸ਼ਿਵ ਜੀ ਆਦਿ ਦੀ ਅਰਾਧਨਾ ਹੁੰਦੀ ਹੈ। ਨਾਂ ਭੋਜਨ ਵੇਲੇ ਚੌਕਾ-ਕਾਰ ਕੱਢੀ ਜਾਂਦੀ ਹੈ ਨਾਂ ਹੀ ਕਦੀ ਤਰਪਣ ਕੀਤਾ ਜਾਂਦਾ ਹੈ। ਲੰਗਰ ਵੇਲੇ ਇਹ ਜਾਤ ਵਰਣ ਦਾ ਵੀ ਭੇਦ ਭਾਵ ਨਹੀ ਕਰਦਾ। ਇਸ ਵਿੱਚ ਵੀ ਕੋਈ ਸ਼ੱਕ ਨਹੀ ਕਿ ਇਹ ਮੁਸਲਮਾਨ ਵੀ ਨਹੀ ਹੋਇਆ। ਪਰ ਇਹ ਕਿਹੋ ਜਿਹਾ ਸਾਧੂ ਹੈ?

ਮਹਿਤਾ ਜੀ ਨੇ ਮਾਤਾ ਤ੍ਰਿਪਤਾ ਨੂੰ ਆਪਣੇ ਹਿਸਾਬ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ। ਮਾਤਾ ਦੀ ਤਸੱਲੀ ਨਾਂ ਹੋਈ ਤੇ ਜਾ ਗੁਰੂ ਸਾਹਿਬ ਦੇ ਦੁਆਲੇ ਹੋਈ ਕਿ ਮੈਨੂੰ ਵੀ ਸਮਝਾ ਇਥੋਂ ਦਾ ਦਸਤੂਰ। ਤੂੰ ਇਥੇ ਕਿਸ ਤਰਾਂ ਦੀ ਭਗਤੀ ਕਰਦਾ ਹੈ ਨਾਂ ਧੂਪ ਨਾਂ ਅਗਰਬੱਤੀ?

ਗੁਰੂ ਸਾਹਿਬ ਨੇ ਮਾਤਾ ਨੂੰ ਕਿਹਾ ਕਿ ਤੇਰੀ ਗੱਲ ਦਾ ਜਵਾਬ ਮੈਂ ਸੰਗਤ ਵਿੱਚ ਦਿਆਗਾ। ਅੱਗੇ ਤੋਂ ਮਾਤਾ ਨੂੰ ਵੀ ਕਿਹਾ ਕਿ ਦੋਵੇ ਵੇਲੇ ਸੰਗਤ ਕਰਿਆ ਕਰ। ਨੂੰਹ ਸੱਸ ਸਾਰਾ ਦਿਨ ਚੁਗਲੀਆਂ ਵਿੱਚ ਹੀ ਨਾਂ ਰਹਿਆ ਕਰੋ।

ਸੰਗਤ ਵਿੱਚ ਬਹਿ ਫਿਰ ਗੁਰੂ ਸਾਹਿਬ ਨੇ ਸਿਰੀ ਰਾਗ ਵਿੱਚ ਸ਼ਬਦ ਗਾਵਿਆ:-

ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ ॥ ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ ॥ ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ ॥੧॥ ਬਾਬਾ ਹੋਰ ਮਤਿ ਹੋਰ ਹੋਰ ॥ ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ ॥੧॥ ਰਹਾਉ ॥ ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ ॥ ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ ॥ ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ ॥੨॥ ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ ॥ ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ ॥ ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ ॥੩॥ ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ ॥ ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ ॥ ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ ॥੪॥੮॥

ਹੇਕ ਨਾਲ ਸ਼ਬਦ ਗਾਉਣ ਉਪਰੰਤ ਗੁਰੂ ਸਾਹਿਬ ਨੇ ਸੰਗਤ ਤੇ ਮਾਤਾ ਪਿਤਾ ਨੂੰ ਉਪਦੇਸ ਦਿੱਤਾ ਕਿ ਨਿਰੰਕਾਰ ਦੀ ਪ੍ਰਾਪਤੀ ਦਾ ਸਭ ਤੋਂ ਵਧੀਆਂ ਤਰੀਕਾ ਉਹਦਾ ਨਾਮ ਹੈ। ਉਹਦੀ ਸਿਫਤ ਸਲਾਹ। ਜੱਸ ਗਾਉਣਾ, ਜੱਸ ਬੋਲਣਾ ਜੱਸ ਸੁਣਨਾ। ਧਰਮ ਦੇ ਨਾਂ ਤੇ ਪ੍ਰਚਲਤ ਕਰਮ ਕਾਂਡਾ ਦਾ ਉਨਾਂ ਖੰਡਣ ਕੀਤਾ। ◈

----◈-----

### ਜਦੋਂ ਸਾਧੂਆਂ ਨੇ ਗੁਰੂ ਸਾਹਿਬ ਤੇ ਸਵਾਲਾਂ ਦੀ ਬੁਛਾੜ ਕਰ ਦਿੱਤੀ•

ਜਦੋਂ ਦੁਨੀਆ ਨੂੰ ਪਤਾ ਚਲ ਗਇਆ ਸੀ ਕਿ ਗੁਰੂ ਨਾਨਕ ਕਲਾਨੌਰ ਲਾਗੇ ਧਰਮਸਾਲ ਬਣਾ ਕੇ ਟਿਕ ਗਇਆ ਹੈ ਤਾਂ ਦੂਰੋ ਨੇੜਿਓ ਲੋਕ ਪਹੁੰਚ ਰਹੇ ਸਨ। ਕੋਈ ਆਪਣਾ ਦੁੱਖ ਦੂਰ ਕਰਾਉਣ, ਕੋਈ ਕਿਸ ਕਾਰਨ ਤੇ ਕੋਈ ਕਿਸ ਕਾਰਨ। ਪਰ ਸਾਧੂ ਸੰਤ ਲੋਕ ਜਿੰਨਾਂ ਨਿਰੰਕਾਰ ਦੀ ਭਾਲ ਵਿੱਚ ਆਪਣੇ ਘਰ ਬਾਰ ਛੱਡ ਦਿੱਤੇ ਸਨ ਉਨਾਂ ਵਾਸਤੇ ਗੁਰੂ ਨਾਨਕ ਵਾਲੀ ਖਬਰ ਖਾਸ ਮਾਇਨੇ ਰੱਖਦੀ ਸੀ। ਕਿਉਕਿ ਹਰ ਕੋਈ ਕਹਿ ਰਿਹਾ ਸੀ ਕਿ ਗੁਰੂ ਨਾਨਕ ਰੱਬ ਨਾਲ ਇਕ ਮਿੱਕ ਹੈ। ਸੋ ਕਰਤਾਰਪੁਰ ਵਿਖੇ ਸਾਧੂਆਂ ਦਾ ਆਉਣਾ ਜਾਣਾ ਤਾਂ ਖਾਸ ਸੀ। ਵਹੀਰਾਂ ਦੀਆਂ ਵਹੀਰਾਂ ਇਥੇ ਤੁਰੀਆਂ ਰਹਿੰਦੀਆਂ ਸਨ।

ਏਸੇ ਤਰਾਂ ਹੀ ਸਾਧੂਆਂ ਦਾ ਇਕ ਟੋਲਾ ਆ ਪਹੁੰਚਾ। ਗੁਰੂ ਸਾਹਿਬ

ਦਾ ਜਿਵੇ ਹੁਕਮ ਸੀ ਬੜੇ ਸਤਿਕਾਰ ਨਾਲ ਉਨਾਂ ਨੂੰ ਪਾਣੀ ਧਾਣੀ ਪੁੱਛਿਆ ਗਿਆ। ਅਰਾਮ ਕਰਨ ਲਈ ਮੰਜੇ ਦਿੱਤੇ ਗਏ।

ਫਿਰ ਸ਼ਾਮ ਵੇਲੇ ਰਹਿਰਾਸ ਤੇ ਕੀਰਤਨ ਤੋਂ ਬਾਦ ਗੁਰੂ ਸਾਹਿਬ ਨੇ ਆ ਜੁੱੜੇ ਸਾਧੂਆਂ ਨੂੰ ਝੁੱਕ ਕੇ ਨਮਸਕਾਰ ਕੀਤੀ ਤੇ ਆਪਣੇ ਆਪ ਨੂੰ ਧੰਨ ਕਿਹਾ ਜਿਹੜਾ ਸਾਧੂ ਸੰਤਾਂ ਦੇ ਦਰਸ਼ਨ ਹੋਏ ਹਨ। ਉਹਨਾਂ ਵਿਚੋਂ ਇਕ ਸਾਧੂ ਬੋਲ ਉਠਿਆ ਕਿ ਗੁਰੂ ਸਾਹਿਬ ਤੁਹਾਡੀ ਬਹੁਤ ਉਪਮਾ ਸੁਣੀ ਹੈ। ਸਾਨੂੰ ਕਈ ਸਾਲ ਹੋ ਗਏ ਨੇ ਸਨਿਆਸ ਧਾਰਨ ਕੀਤੇ ਨੂੰ ਪਰ ਮਨ ਦੇ ਕਈ ਸਵਾਲ ਅਜਿਹੇ ਨੇ ਜਿੰਨਾਂ ਦਾ ਤਸੱਲੀਬਖਸ਼ ਜਵਾਬ ਅਜੇ ਤੱਕ ਨਹੀ ਮਿਲਿਆ।

ਗੁਰੂ ਸਾਹਿਬ ਨੇ ਅਕਾਲ ਪੁਰਖ ਅਗੇ ਅਰਦਾਸ ਕੀਤੀ ਕਿ ਐ ਨਿਰੰਕਾਰ ਮੈਨੂੰ ਬੁੱਧ ਬਖਸ਼ੋ ਕਿ ਮੈਂ ਇਨਾਂ ਜਗਿਆਸੂਆਂ ਦੀ ਤਸੱਲੀ ਕਰਾ ਸਕਾਂ।

ਸਾਧੂਆਂ ਤਾਂ ਫਿਰ ਇਕ ਤੋਂ ਬਾਦ ਇਕ ਸਵਾਲਾਂ ਦੀ ਝੜੀ ਹੀ ਲਾ ਦਿੱਤੀ:-

- ਇਹ ਧਰਤੀ ਕੀ ਹੈ?
- ਇਹ ਪਾਉਣ, ਪਾਣੀ ਦੀ ਕੀ ਕਹਾਣੀ ਹੈ?
- ਖਾਣੀਆਂ ਦੀ ਕੀ ਕਹਾਣੀ ਹੈ?
- ਅੱਗ ਕੀ ਹੈ?
- ਜੀ ਇਹ ਜੀਅ ਦੀ ਕੀ ਕਹਾਣੀ ਹੈ? ਪ੍ਰਾਣੀ ਕੀ ਹੈ?
- ਹਰ ਜੀਅ ਦਾ ਸਰੂਪ ਵੱਖਰਾ ਵੱਖਰਾ ਕਿਓ ਹੈ?
- ਬੰਦੇ ਨੂੰ ਸੁਆਦ ਕਿਓ ਆਉਦੇ ਹਨ? ਇਹ ਮਿੱਠਾ, ਖੱਟਾ, ਕੌੜਾ ਸਵਾਦ।
- ਬੰਦੇ ਨੂੰ ਭੁੱਖ ਕਿਓ ਲੱਗਦੀ ਹੈ? ਖਾਣ ਤੋਂ ਬਾਦ ਜਿਹੜੀ ਤ੍ਰਿਪਤੀ ਹੁੰਦੀ ਹੈ ਉਹਦਾ ਕੀ ਮਤਲਬ?
- ਸੰਜੋਗ ਵਿਜੋਗ ਦੀ ਕਹਾਣੀ ਦੱਸੋ?
- ਅਸੀ ਸੁਣਿਐ ਤੁਸੀ ਸਿਫਤ ਸਲਾਹ ਦੀ ਗੱਲ ਕਰਦੇ ਹੋ ਇਹ ਕਿਓ?
- ਪ੍ਰਮੇਸ਼ਰ ਨੇੜੇ ਕਿਵੇ ਹੈ ਤੇ ਦੂਰ ਕਿਵੇ?
- ਉਝੱੜ ਕੀ ਹੈ? ਰਾਹ ਕੀ ਹੈ?
- ਵੇਦ ਉਤਮ ਕਿ ਨਾਦ ਉਤਮ?

ਗੁਰੂ ਸਾਹਿਬ ਨੇ ਫਿਰ ਸਮਝਾਉਣਾ ਸ਼ੁਰੂ ਕੀਤਾ ਕਿ ਸਾਰੇ ਬ੍ਰਿਹਮੰਡ ਦਾ ਮਾਲਕ ਇਕ ਨਿਰੰਕਾਰ ਹੈ। ਓਸੇ ਨੇ ਦੁਨੀਆ ਤੇ ਕੁਦਰਤੀ ਦੀ ਖੇਡ ਰਚਾਈ ਹੋਈ ਹੈ। ਇਹ ਇਕ ਤਰਾਂ ਨਾਲ ਨਾਟਕ ਹੈ, ਡਰਾਮਾ ਹੈ। ਮਰਦਾਨੇ ਨੂੰ ਇਸ਼ਾਰਾ ਕੀਤਾ ਤੇ ਬੇਲੇ ਵਿੱਚ ਰਬਾਬ ਗੂੰਜ ਉਠੀ। ਗੁਰੂ ਸਾਹਿਬ ਤੇ ਮਰਦਾਨੇ ਨੇ ਸਲੋਕ ਗਾਵਿਆ ਤਾਂ ਸਾਰੀ ਸੰਗਤ ਨਾਲ ਹੋ ਤੁਰੀ:-

**ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥**

ਸੋ ਇਹ ਧਰਤੀ ਥੜਾ (ਸਟੇਜ) ਹੈ ਤੇ ਜੀਵ ਜੰਤੂ ਸਭ ਐਕਟਰਾਂ ਦੀ ਨਿਆਈ ਹਨ। ਇਹ ਪਾਣੀ, ਇਹ ਪੌਣ, ਅੱਗ ਸਭ ਉਸੇ ਨਾਟਕ ਦੇ ਸਾਧਨ ਹਨ ਜਿੱਥੇ ਜੀਅ ਨੂੰ ਖਿਡਾਇਆ ਜਾ ਰਿਹਾ ਹੈ।

ਇਸੇ ਡਰਾਮੇ ਵਿਚੋਂ ਹੀ ਫਿਰ ਅਕਾਲ ਪੁਰਖ ਕੁਝ ਇਕ ਹੀਰੋ (ਸੂਰਮੇ) ਪੈਦਾ ਕਰਦਾ ਹੈ। ਇਹ ਡਰਾਮਾ ਜਾਂ ਖੇਲ ਵੱਖ ਵੱਖ ਪੜਾਵਾਂ ਜਾਂ ਖੰਡਾਂ ਰਾਂਹੀ ਗੁਜਰਦਾ ਹੈ।

**ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥ ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥ ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥ ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥ ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥ ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥**

ਗੁਰੂ ਸਾਹਿਬ ਵਿਆਖਿਆ ਕਰ ਹੀ ਰਹੇ ਸਨ ਕਿ ਜਿਵੇ ਮਾੜਾ ਜਿਹਾ ਵਿਸ਼ਰਾਮ ਆਇਆ ਤਾਂ ਮਰਦਾਨੇ ਨੇ ਬਿਲਾਵਲ ਦੀ ਧੁੰਨ ਛੇੜ ਦਿੱਤੀ। ਉਨੂੰ ਪਤਾ ਸੀ ਕਿ ਦੱਖਣ ਦੀ ਉਦਾਸੀ ਮੌਕੇ ਵੀ ਇਕ ਵੇਰਾਂ ਮਹਾਤਮਾ ਲੋਕਾਂ ਨੇ ਅਜਿਹੇ ਸਵਾਲ ਪੁੱਛੇ ਸਨ ਤਾਂ ਗੁਰੂ ਸਾਹਿਬ ਨੇ ਥਿਤੀਆਂ ਦੇ ਅਧਾਰ ਤੇ ਬਾਣੀ ਰਚੀ ਸੀ। ਇਸ਼ਾਰੇ ਨਾਲ ਮਰਦਾਨੇ ਨੇ ਗੁਰੂ ਸਾਹਿਬ ਨੂੰ ਯਾਦ ਦਿਵਾ ਦਿੱਤਾ।

**ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥ .........**

**ਆਪੇ ਸਚੁ ਕੀਆ ਕਰ ਜੋੜਿ ॥ ਅੰਡਜ ਫੋੜਿ ਜੋੜਿ ਵਿਛੋੜਿ ॥ ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ॥ ਰਾਤਿ ਦਿਨੰਤੁ ਕੀਏ ਭਉ ਭਾਉ ॥ ਜਿਨਿ ਕੀਏ ਕਰਿ ਵੇਖਣਹਾਰਾ ॥ ਅਵਰੁ ਨ ਦੂਜਾ ਸਿਰਜਣਹਾਰਾ ॥੩॥ ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥ ਦੇਵੀ ਦੇਵ ਉਪਾਏ ਵੇਸਾ ॥ ਜੋਤੀ ਜਾਤੀ ਗਣਤ ਨ ਆਵੈ ॥ ਜਿਨਿ ਸਾਜੀ ਸੋ ਕੀਮਤਿ ਪਾਵੈ ॥ ਕੀਮਤਿ ਪਾਇ ਰਹਿਆ ਭਰਪੂਰਿ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥੪॥ ਚਉਥਿ ਉਪਾਏ ਚਾਰੇ ਬੇਦਾ ॥ ਖਾਣੀ ਚਾਰੇ ਬਾਣੀ ਭੇਦਾ ॥ ਅਸਟ ਦਸਾ ਖਟੁ ਤੀਨਿ ਉਪਾਏ ॥ ਸੋ ਬੂਝੈ ਜਿਸੁ ਆਪਿ ਬੁਝਾਏ ॥ ਤੀਨਿ ਸਮਾਵੈ ਚਉਥੈ ਵਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੫॥**

(ਪੂਰਾ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਅੰਗ 839 ਤੇ)

**ਖਾਣੀਆਂ ਦੀ ਕਹਾਣੀ** - ਖਾਣੀਆਂ* ਭਾਵ ਸ੍ਰਿਸਟੀ ਦੇ ਸਾਰੇ ਜੀਅ ਕਰਤੇ ਦੇ ਓਸੇ ਨਾਟਕ ਦੇ ਹਿੱਸਾ ਹੈ।

**ਅੱਗ –** ਅੱਗ ਵੀ ਹਵਾ, ਪਾਣੀ, ਧਰਤੀ ਆਦਿ ਦੀ ਤਰਾਂ ਓਸੇ ਮਹਾਨ ਨਾਟਕ ਦਾ ਜਰੀਆ ਹੈ।

**ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥**

ਨਿਰੰਕਾਰ ਦੇ ਹੁਕਮ ਵਿੱਚ ਹੀ ਅੱਗ ਉਸ ਮਹਾਨ ਨਾਟਕ ਵਿੱਚ ਵਸੀਲਾ ਬਣੀ ਹੋਈ ਹੈ।

**ਜੀਵ** - ਪਾਉਣ ਪਾਣੀ ਅਗਨੀ ਤਾਂ ਸਾਧਨ ਨੇ ਇਸ ਡਰਾਮੇ ਦੇ ਅਸਲ ਪਾਤਰ ਜੀਅ ਹਨ

**ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ ॥ ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ ॥**

ਸੁਭਾਵਕ ਇਹ ਸਭ ਜੀਅ ਜੰਤ ਉਸ ਦੇ ਹੁਕਮ ਤਹਿਤ ਹੀ ਆਏ ਨੇ:

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥**

ਇਨਾਂ ਨੂੰ ਰਿਜਕ ਵੀ ਆਪੇ ਹੀ ਦੇ ਰਿਹਾ ਹੈ:-

**ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ ॥ ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ ॥**

## ·ਵੱਖ ਵੱਖ ਕਿਸਮਾਂ ਦੇ ਜੀਅ ਤੇ ਕੋਈ ਵੀ ਦੂਸਰੇ ਨਾਲ ਮੇਲ ਨਹੀ ਖਾਂਦਾ

ਬਲਿਹਾਰ ਜਾਈਏ ਉਸ ਨਿਰੰਕਾਰ ਤੋਂ ਜਿਸਨੇ ਵੰਨਗੀ ਪੈਦਾ ਕੀਤੀ ਹੈ। ਤਰਾਂ ਤਰਾਂ ਦੇ ਜੀਅ ਤੇ ਕੋਈ ਵੀ ਦੂਸਰੇ ਵਰਗੇ ਨਹੀ। ਹਰ ਇਕ ਆਪਣੀ ਹੀ ਕਿਸਮ ਦਾ। ਇਹੋ ਤਾਂ ਉਸ ਦੀ ਖੂਬਸੂਰਤੀ ਹੈ। ਅਰਬਾਂ ਖਰਬਾਂ ਜੀਅ ਹਨ ਪਰ ਕੋਈ ਵੀ ਦੋ ਆਪਸ ਵਿੱਚ ਨਹੀ ਮਿਲਦੇ। ਵੰਨਗੀ ਹੀ ਇਸ ਨਾਟਕ ਦਾ ਨਿਯਮ ਹੈ:-

- ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ॥ ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ ॥੨॥ ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥ ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥
- ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥
- ਤਿਸੁ ਵਿਚਿ ਧਰਤੀ ਥਾਪਿ ਰੱਖੀ ਧਰਮ ਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
- ਦੁਇ ਦੀਵੇ ਚਉਦਹ ਹਟਨਾਲੇ ॥ ਜੇਤੇ ਜੀਅ ਤੇਤੇ ਵਣਜਾਰੇ ॥ ਖੁਲ੍ਹੇ ਹਟ ਹੋਆ ਵਾਪਾਰੁ ॥ ਜੋ ਪਹੁਚੈ ਸੋ ਚਲਣਹਾਰੁ ॥
- ਜੇਤੇ ਜੀਅ ਤੇਤੇ ਵਾਟਾਊ ॥ ਚੀਰੀ ਆਈ ਢਿਲ ਨ ਕਾਊ ॥

ਮਤਲਬ ਇਹ ਕਿ ਵੰਨਗੀ ਕਰਤੇ ਦਾ ਨਿਯਮ ਹੈ।

## ਸੁਆਦ –

ਸੁਆਦ ਦੀ ਵੀ ਐਨ ਓਹੋ ਕਹਾਣੀ ਹੈ ਜੋ ਕਾਮ ਵਾਸ਼ਨਾ ਦੀ ਹੈ। ਕਰਤੇ ਨੇ ਕਾਮ ਵਾਸ਼ਨਾ ਪਾਈ ਤਾਂ ਕਿ ਪੈਦਾਵਾਰ ਲਗਾਤਾਰ ਹੁੰਦੀ ਹੈ ਤੇ ਇਹ ਖੇਡ ਜਾਰੀ ਰਹੇ। ਏਸੇ ਤਰਾਂ ਖਾਣੇ ਦੇ ਸੁਆਦ ਦੀ ਗੱਲ ਹੈ ਕਿ ਜੀਵ ਖਾਏ ਤੇ ਉਹਨੂੰ ਤਾਕਤ ਮਿਲਦੀ ਰਹੇ ਤੇ ਉਹ ਕਾਰਜਸ਼ੀਲ ਰਹੇ। ਦੂਸਰੇ ਪਾਸੇ ਕਈ ਮਨੁੱਖ ਕਾਮ ਦੇ ਸੁਆਦ ਵਿੱਚ ਲੱਗ ਜਾਂਦੇ ਹਨ ਤੇ ਜੀਵਨ ਬਰਬਾਦ ਕਰ ਲੈਂਦੇ ਹਨ। ਏਸੇ ਤਰਾਂ ਕੁਝ ਮਨੁੱਖ ਭੋਜਨ ਨੂੰ ਸੁਆਦ ਦੇ ਕਾਰਨ ਖਾਈ ਤੁਰੇ ਜਾਂਦੇ ਹਨ ਤੇ ਰੋਗਾਂ ਨਾਲ ਗ੍ਰਸੇ ਜਾਂਦੇ ਹਨ।

ਫਿਰ ਸੁਆਦ ਵਿੱਚ ਵੀ ਕਰਤੇ ਨੇ ਵੰਨਗੀ ਪਾਈ ਹੈ: ਮਿੱਠਾ, ਖੱਟਾ, ਕੌੜਾ ਸਵਾਦ। ਐਨ ਓਸੇ ਵੰਨਗੀ ਦੇ ਅਸੂਲ ਤਹਿਤ।

ਭੋਜਨ ਜਿੰਨੀ ਊਰਜਾ ਦਿੰਦਾ ਹੈ ਜਦੋਂ ਉਹ ਸਰੀਰ ਗ੍ਰਹਿਣ ਕਰ ਲੈਂਦਾ ਹੈ ਤੇ ਫਿਰ ਸਰੀਰ ਹੋਰ ਭੋਜਨ ਦੀ ਇਛਾ ਕਰਦਾ ਹੈ ਜਿੰਨੂ ਆਪਾਂ ਭੁੱਖ ਕਹਿੰਨੇ ਹਾਂ। ਜੇ ਭੁੱਖ ਨਾਂ ਲੱਗੇ, ਸਰੀਰ ਭੋਜਨ ਨਹੀ ਗ੍ਰਹਿਣ ਕਰੇਗਾ ਤੇ ਹੌਲੀ ਹੌਲੀ ਮੁੱਕ ਜਾਏਗਾ ਜਾਂ ਕਹਿ ਲਓ ਮਰ ਜਾਏਗਾ। ਸੋ ਜਿਵੇ ਬੰਦਾ ਕਾਮ ਵਾਸ਼ਨਾ ਕਰਕੇ ਖਿਚਿਆ ਚਲਾ ਆਉਂਦਾ ਹੈ ਏਸੇ ਤਰਾਂ ਭੁੱਖ ਕਾਰਨ ਭੋਜਨ ਵਲ ਖਿਚਿਆ ਆਉਂਦਾ ਹੈ।

- ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨ ਪਾਇਆ ॥
- ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥
- ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥

## ਸੰਜੋਗ ਵਿਜੋਗ–

ਗੁਰੂ ਸਾਹਿਬ ਨੇ ਫਿਰ ਵਰਨਣ ਸ਼ੁਰੂ ਕੀਤਾ ਕਿ ਜੀਵ ਸੰਜੋਗੀ ਹੀ ਆਪਸ ਵਿੱਚ ਮਿਲਦੇ (ਟਕਰਾਉਂਦੇ) ਹਨ। ਮੌਜੂਦ ਸੰਗਤ ਤੇ ਸਾਧੂਆਂ ਨੂੰ ਦੱਸਿਆ ਕਿ ਮੈਂ ਤੁਹਾਡੇ ਨਾਲ ਗੱਲ ਕਰ ਰਿਹਾ ਹਾਂ ਜਾਂ ਤੁਹਾਡੇ ਦਰਸ਼ਨ ਕਰ ਰਿਹਾ ਇਹ ਧੁਰੋਂ ਹੀ ਲਿਖਿਆ ਹੋਇਆ ਸੀ। ਜੀਵਾਂ ਦਾ ਆਪਸੀ ਮੇਲ ਪਹਿਲੋਂ ਤੋਂ ਹੀ ਤਹਿ ਹੋ ਜਾਂਦਾ ਹੈ। ਜਨਮ ਵੇਲੇ ਹੀ। ਅੱਜ ਦੀ ਭਾਸ਼ਾ ਵਿੱਚ ਆਪਾਂ ਕਹਿ ਸਕਦੇ ਹਾਂ ਕਿ ਇਹ ਸਾਡੇ ਡੀ. ਐਨ. ਏ ਵਿੱਚ ਹੀ ਆ ਜਾਂਦਾ ਹੈ ਕਿ ਕਿਸੇ ਦਾ ਸੰਜੋਗ ਕਿਸ ਨਾਲ ਹੋਣਾ।

ਐਨ ਇਹੋ ਹਾਲਤ ਵਿਜੋਗ ਭਾਵ ਵਿਛੋੜੇ ਦੀ ਹੈ। ਮਤਲਬ ਜੁੜੇ ਹੋਏ ਜੀਅ ਨੇ ਕਦੋਂ ਵਿਛੜ ਜਾਣਾ ਹੈ ਇਹ ਵੀ ਪਹਿਲੋ ਹੀ ਤਹਿ ਹੋਇਆ ਹੁੰਦਾ ਹੈ:

- ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥
- ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥ ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ ॥
- ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ ॥ ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ ॥ ਗੁਰਮੁਖਿ ਸਬਦਿ ਰੰਗਾਵਲੇ ਅਹਿਨਿਸਿ ਹਰਿ ਰਸੁ ਭੋਗੁ ॥
- ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥ ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥ ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥ ਸੁਖਹੁ ਉਠੇ ਰੋਗ ਪਾਪ ਕਮਾਇਆ ॥ ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥ ਮੂਰਖ ਗਣਤ ਗਣਾਇ ਝਗੜਾ ਪਾਇਆ ॥ ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ ॥ ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ ॥
- ਸਾਹਾ ਸੰਜੋਗੁ ਵੀਆਹੁ ਵਿਜੋਗੁ ॥ ਸਚੁ ਸੰਤਤਿ ਕਹੁ ਨਾਨਕ ਜੋਗੁ ॥

**ਸਿਫਤ ਸਲਾਹ ਜਾਂ ਨਾਮ ਦਾ ਸਿਧਾਂਤ** - ਸਿੱਖੀ ਸਿਫਤ ਸਲਾਹ ਜਾਂ ਉਸਤਤ ਜਾਂ ਨਾਮ ਦਾ ਧਰਮ ਹੈ। ਜਿਵੇ ਹਿੰਦੂਮਤ ਵਿੱਚ ਕਰਮ ਕਾਂਡ ਜਾਂ ਬੁੱਧਮਤ ਵਿੱਚ ਸਮਾਧੀ ਹੈ। ਵਿਸਥਾਰ ਵਿੱਚ ਦੇਖੋ ਸਫਾ 310.

## ਪ੍ਰਮੇਸ਼ਰ ਨੇੜੇ ਕਿਵੇ ਹੈ ਤੇ ਦੂਰ ਕਿਵੇ? -

ਨਿਰੰਕਾਰ ਪ੍ਰਮੇਸ਼ਵਰ ਸਾਡੇ ਤੋਂ ਇਨਾਂ ਕੁ ਨੇੜੇ ਹੈ ਜਿੰਨੇ ਅਸੀ ਆਪਣੇ ਆਪ ਦੇ ਵੀ ਨੇੜੇ ਨਹੀ ਹਾਂ। ਸ਼ਾਇਦ ਮੱਛੀ ਦੀ ਮਿਸਾਲ ਨਾਲ ਸਾਰੀ ਸਥਿਤੀ ਸਾਫ ਹੋ ਜਾਵੇਗੀ। ਮੱਛੀ ਦੇ ਅੰਦਰ ਵੀ ਪਾਣੀ ਹੈ। ਬਾਹਰ ਵੀ ਪਾਣੀ ਹੈ। ਪਰ ਮੱਛੀ ਨੂੰ ਪਾਣੀ ਦੀ ਮੌਜੂਦਗੀ ਦਾ ਅਹਿਸਾਸ ਨਹੀ ਹੁੰਦਾ ਜਦ ਤੱਕ ਉਹ ਪਾਣੀ ਤੋਂ ਬਾਹਰ ਨਹੀ ਆ ਜਾਂਦੀ। ਸਾਡੀ ਆਪਣੀ ਹੀ ਮਿਸਾਲ ਲੈ ਲਓ। ਸਾਡੇ ਚੁਫੇਰੇ ਹਵਾ ਹੈ। ਅੰਦਰ ਵੀ ਹਵਾ ਹੈ। ਪਰ ਸਾਨੂੰ ਇਸਦੀ ਮੌਜੂਦਗੀ ਦਾ ਅਹਿਸਾਸ ਨਹੀ ਜਿੰਨਾਂ ਚਿਰ ਸਾਡਾ ਦੱਮ ਨਾਂ ਘੁੱਟੇ।

ਜਦੋਂ ਤੱਕ ਮੱਛੀ ਨੂੰ ਪਾਣੀ ਦੀ ਮੌਜੂਦਗੀ ਦਾ ਅਹਿਸਾਸ ਰਹਿੰਦਾ ਹੈ ਉਸ ਦੇ ਨੇੜੇ ਹੈ ਜਦੋਂ ਉਹ ਭੁੱਲੀ ਹੁੰਦੀ ਹੈ ਉਦੋਂ ਦੂਰ। ਏਸੇ ਤਰਾਂ ਇਨਸਾਨ ਜਦੋਂ ਤੱਕ ਨਿਰੰਕਾਰ ਦੀ ਹੋਂਦ ਤੋਂ ਭੁੱਲਿਆ ਰਹਿੰਦਾ ਹੈ ਪ੍ਰਮੇਸ਼ਰ ਉਸ ਤੋਂ ਦੂਰ ਹੈ। ਜਦੋਂ ਉਹਦੀ ਹਾਜਰੀ ਦਾ ਉਨੂੰ ਅਹਿਸਾਸ ਰਹੇ ਓਦੋਂ ਨੇੜੇ ਹੈ।

- ਆਪੇ ਨੇੜੈ ਨਾਹੀ ਦੂਰੇ ॥ ਬੂਝਹਿ ਗੁਰਮੁਖਿ ਸੇ ਜਨ ਪੂਰੇ ॥
- ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
- ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋੁ ॥
- ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥
- ਤੂ ਭਰਪੂਰਿ ਜਾਨਿਆ ਮੈ ਦੂਰਿ ॥ ਜੋ ਕਛੁ ਕਰੀ ਸੁ ਤੇਰੈ ਹਦੂਰਿ ॥ ਤੂ ਦੇਖਹਿ ਹਉ ਮੁਕਰਿ ਪਾਉ ॥ ਤੇਰੈ ਕੰਮਿ ਨ ਤੇਰੈ ਨਾਇ ॥
- ਜਲ ਮਹਿ ਉਪਜੈ ਜਲ ਤੇ ਦੂਰਿ ॥ ਜਲ ਮਹਿ ਜੋਤਿ ਰਹਿਆ ਭਰਪੂਰਿ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥ ਨਿਧਿ ਗੁਣ ਗਾਵਾ ਦੇਖਿ ਹਦੂਰਿ ॥
- ਸਾਚਉ ਦੂਰਿ ਨ ਜਾਣੀਐ ਅੰਤਰਿ ਹੈ ਸੋਈ ॥ ਜਹ ਦੇਖਾ ਤਹ ਰਵਿ ਰਹੇ ਕਿਨਿ

ਕੀਮਤਿ ਹੋਈ ॥

- ਤੂੰ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂ ਹੈ ॥ ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ ॥
- ਆਪੇ ਨੇੜੈ ਆਪੇ ਦੂਰਿ ॥ ਆਪੇ ਸਰਬ ਰਹਿਆ ਭਰਪੂਰਿ ॥ ਸਤਗੁਰੁ ਮਿਲੈ ਅੰਧੇਰਾ ਜਾਇ ॥ ਜਹ ਦੇਖਾ ਤਹ ਰਹਿਆ ਸਮਾਇ ॥
- ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ ॥ ਸਤਿਗੁਰ ਬਚਨਿ ਮੇਰੋ ਮਨੁ ਮਾਨਿਆ ਹਰਿ ਪਾਏ ਪ੍ਰਾਨ ਅਧਾਰਾ ॥

## ਉੱਝੜ ਕੀ ਹੈ? ਰਾਹ ਕੀ ਹੈ?

ਹਿੰਦੂ ਧਾਰਮਿਕ ਸਿਧਾਂਤ ਅਨੁਸਾਰ ਰਾਹ ਤੋਂ ਭਟਕ ਜਾਣਾ (ਉੱਝੜ) ਤੇ ਰਾਹੇ ਪੈਣਾ ਵੀ ਧੁਰੋਂ ਲਿਖੇ ਅਨੁਸਾਰ ਹੀ ਹੈ।

ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥

ਭਾਣੈ ਉਝੜ ਭਾਣੈ ਰਾਹਾ ॥ ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ ॥ (ਮਹਲਾ ੫)

## • ਵੇਦ ਉੱਤਮ ਕਿ ਨਾਦ ਉੱਤਮ?

ਸਿੱਖਮਤ ਅਨੁਸਾਰ ਵੇਦ ਭਾਵ ਗਿਆਨ ਤੇ ਨਾਦ ਭਾਵ ਸੰਗੀਤ ਦੋਵੇ ਸਿਧਾਂਤ ਨਾਮ ਵਿਚ ਆ ਜਾਂਦੇ ਹਨ। ਫਿਰ ਗੁਰਬਾਣੀ ਹੀ ਨਾਮ ਹੈ। ਸਾਹਿਬ ਨੇ ਫਰਮਾਇਆ:

ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿਗਪਾਣੀ ॥ ਤਹ ਤੀਰਥ ਵਰਤ ਤਪ ਸਾਰੇ ॥ ਗੁਰ ਮਿਲਿਆ ਹਰਿ ਨਿਸਤਾਰੇ ॥

ਜੋ ਜੋ ਸਾਧੂਆਂ ਨੇ ਸਵਾਲ ਕੀਤੇ ਗੁਰੂ ਸਾਹਿਬ ਨੂੰ ਉਨਾਂ ਵਿਸਮਾਦ ਵਿੱਚ ਲੈ ਆਂਦਾ ਭਾਵ ਹੈਰਾਨੀ ਵਾਲਾ ਨਿਰੰਕਾਰ ਪ੍ਰਤੀ ਵੈਰਾਗ। ਨਿਰੰਕਾਰ ਦੀ ਅਦਭੁੱਤ ਰਚਨਾ ਵਲ ਧਿਆਨ ਮਾਰ ਕੇ ਗੁਰੂ ਸਾਹਿਬ ਵਿਸਮਾਦਿਤ ਹੋਈ ਜਾ ਰਹੇ ਸਨ। ਫਿਰ ਸਾਹਿਬ ਨੇ ਸ਼ਬਦ ਗਾਇਆ ਜਿਸ ਤੇ ਮਰਦਾਨੇ ਤੇ ਸਾਰੀ ਸੰਗਤ ਨੇ ਸਾਥ ਦਿੱਤਾ। ਰਾਵੀ ਦਾ ਬੇਲਾ ਗੂੰਜ ਉਠਿਆ:-

ਸਲੋਕ ਮਃ ੧ ॥ ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥ ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥ ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥ ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ ॥ ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥ ਵਿਸਮਾਦੁ ਭੁਖ ਵਿਸਮਾਦੁ ਭੋਗੁ ॥ ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥ ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥ ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥

ਸਭ ਸਾਧੂ ਲੋਕ ਪੁਕਾਰ ਉਠੇ। ਧੰਨ ਨਾਨਕ। ਧੰਨ ਗੁਰੂ ਨਾਨਕ। ਜੈਸਾ ਸੁਣਿਐ ਵੈਸਾ ਪਾਇਆ।

-----◈-----

## ਕਵੀ ਨੂੰ ਉਪਦੇਸ਼–
## ਉਹਦੀ ਕਵਿਤਾ ਹੌਲੀ, ਜਿਹਦੇ ਮਨ ਵਿੱਚ ਭੈ ਨਹੀ◉

ਪੰਜਾਬ ਦਾ ਇਕ ਕਵੀ ਇਕ ਵੇਰਾਂ ਗੁਰੂ ਸਾਹਿਬ ਦੇ ਦਰਬਾਰ ਕਰਤਾਰਪੁਰ ਆ ਗਿਆ। ਉਸਨੂੰ ਆਪਣੀ ਕਵਿਤਾ ਤੇ ਬੜਾ ਮਾਣ ਸੀ। ਪਰ ਉਹ ਸਮਝਦਾ ਸੀ ਕਿ ਉਹਦੀ ਕਵਿਤਾ ਲੋਕਾਂ ਵਿੱਚ ਪਤਾ ਨਹੀ ਕਿਓ ਪ੍ਰਵਾਨ ਨਹੀ ਹੋ ਰਹੀ।

ਗੁਰੂ ਸਾਹਿਬ ਨੇ ਕਵੀ ਨੂੰ ਉਪਦੇਸ਼ ਦਿੱਤਾ ਕਿ ਤੇਰੀ ਕਵਿਤਾ ਵਿਚੋਂ ਹੰਕਾਰ ਦੀ ਬਦਬੂ ਆਓਦੀ ਹੈ। ਜੇ ਰੱਬ ਦੇ ਭਾਣੇ ਵਿੱਚ ਰਹਿ ਕੇ ਕਵਿਤਾ ਕਹੇਗਾ ਤਾਂ ਉਹ ਮਕਬੂਲ ਹੋਵੇਗੀ। ਵਧੀਆ ਕਵਿਤਾ ਸਿਆਪਣ ਨਾਲ ਨਹੀ ਉਪਜਦੀ। ਜੇ ਬੰਦਾ ਰੱਬ ਦੀ ਭੈ ਭਾਵਨੀ ਵਿੱਚ ਚਲੇ ਤਾਂ ਇਹ ਆਪਣੇ ਆਪ ਫੁਰਦੀ ਹੈ ਅਤੇ ਅਜਿਹੀ ਕਵਿਤਾ ਹੁੰਦੀ ਵੀ ਵਜਨਦਾਰ। ਹੰਕਾਰੀ ਬੰਦੇ ਦੀ ਕਵਿਤਾ ਹੌਲੀ ਹੁੰਦੀ ਹੈ।

ਤੇ ਅਗਲੀ ਗੱਲ ਜੇ ਮਨ ਵਿੱਚ ਰੱਬ ਦਾ ਭੈਅ ਹੋਵੇਗਾ ਤਾਂ ਦੁਨਿਆਵੀ ਡਰ ਆਪਣੇ ਆਪ ਸੜ੍ਹ ਬਲ ਜਾਂਦੇ ਨੇ। ਗੁਰੂ ਸਾਹਿਬ ਨੇ ਗੁਆਰੇਰੀ ਦੀ ਗਉੜੀ ਵਿੱਚ ਚਉਪਦਾ ਕਿਹਾ:-

ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥ ਨਦਰੀ ਕਰਮੀ ਗੁਰ ਬੀਚਾਰੁ ॥੧॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥ ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ ॥ ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥ ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥ ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥

----◈-----

## ਮਾਤਾ ਕਹਿਣ ਲੱਗੀ ਪੁੱਤਰਾ! ਆਪਣੀ ਘਰਵਾਲੀ ਦਾ ਵੀ ਕਦੀ ਖਿਆਲ ਕਰਿਆ ਕਰ!■

ਕਰਤਾਰਪੁਰ ਦੀ ਗੱਲ ਹੈ ਇਕ ਦਿਨ ਮਾਤਾ ਤ੍ਰਿਪਤਾ ਨੂੰ ਆਪਣੀ ਨੂੰਹ (ਮਾਤਾ ਘੁੰਮੀ) ਤੇ ਤਰਸ ਆਇਆ ਤੇ ਕਹਿਣ ਲੱਗੀ ਪੁੱਤਰ ਨਾਨਕਾ ਕਦੀ ਆਪਣੀ ਘਰਦੀ ਦਾ ਵੀ ਖਿਆਲ ਕਰਿਆ ਕਰ ਜਿਸ ਨੇ ਸਾਰੀ ਉਮਰ ਤੇਰੇ ਲੇਖੇ ਲਾ ਦਿੱਤੀ। ਸਾਡਾ ਖਿਆਲ ਤੇ ਤੂੰ ਕੀ ਕਰਨਾਂ ਭਲਾ। ਮਾਤਾ ਦਾ ਅਸਲ ਮਕਸਦ ਤਾਂ ਸੀ ਗੁਰੂ ਸਾਹਿਬ ਨੂੰ ਯਾਦ ਦਿਵਾਉਣਾ ਕਿ ਤੇਰੇ ਮਾਤਾ ਪਿਤਾ ਵੀ ਹੈਗੇ ਨੇ ਕਦੀ ਉਨਾਂ ਵਲ ਵੀ ਧਿਆਨ ਕਰ ਲਿਆ ਕਰ।

ਗੁਰੂ ਸਾਹਿਬ ਨੇ ਮਾਤਾ ਨੂੰ ਕਿਹਾ ਨਹੀ ਮਾਤਾ ਮੈਂ ਸਾਰਿਆ ਦਾ ਖਿਆਲ ਕਰਦਾ ਹਾਂ। ਮੇਰੇ ਵਾਸਤੇ ਸਾਰੇ ਬਰਾਬਰ ਹਨ। ਮੈਨੂੰ ਮੋਹ ਜਕੜ੍ਹ ਨਹੀ ਸਕਦਾ।

ਮਾਤਾ ਕਹਿਣ ਲੱਗੀ ਜੇ ਫਿਰ ਇਹ ਸਾਰੇ ਰਿਸ਼ਤੇ ਝੂਠੇ ਨੇ ਤਾਂ ਸੱਚੇ ਕਿਹੜੇ ਨੇ?

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਬੰਦਾ ਉੱਚੀ ਮਤਿ ਨੂੰ ਆਪਣੀ ਮਾਂ ਬਣਾ ਲਏ ਸੰਤੋਖ ਨੂੰ ਆਪਣਾ ਪਿਉ ਬਣਾਏ, ਖ਼ਲਕਤ ਦੀ ਸੇਵਾ ਨੂੰ ਉੱਚੇਚਾ ਭਰਾ ਬਣਾਏ। ਉੱਦਮ ਅਤੇ ਉੱਚੀ ਸੁਰਤਿ ਇਹ ਦੋਵੇਂ ਉਸ ਬੰਦੇ ਦੇ ਸੱਸ ਸੁਹਰਾ ਬਣਨ; ਸੁਚੱਜੀ ਜ਼ਿੰਦਗੀ ਨੂੰ ਇਸਤ੍ਰੀ ਬਣਾ ਲਏ।

ਸਤ ਸੰਗ (ਵਿਚ ਜਾਣਾ) ਪ੍ਰਭੂ ਨਾਲ ਵਿਆਹ ਦਾ ਸਾਹਾ ਸੋਧਿਆ ਜਾਏ (ਭਾਵ, ਜਿਵੇਂ ਵਿਆਹ ਵਾਸਤੇ ਸੋਧਿਆ ਹੋਇਆ ਸਾਹਾ ਟਾਲਿਆ ਨਹੀਂ ਜਾ ਸਕਦਾ, ਤਿਵੇਂ ਸਤ ਸੰਗ ਵਿਚੋਂ ਕਦੇ ਨ ਖੁੰਝੇ), ਸਤ ਸੰਗ ਵਿੱਚ ਰਹਿ ਕੇ ਦੁਨੀਆ ਨਾਲੋਂ ਨਿਰਮੋਹਤਾ-ਰੂਪ (ਪ੍ਰਭੂ ਨਾਲ) ਵਿਆਹ ਹੋ ਜਾਏ; ਤਾਂ (ਇਸ ਵਿਆਹ ਵਿਚੋਂ) ਸੱਚ (ਭਾਵ, ਪ੍ਰਭੂ ਦਾ ਸਦਾ ਹਿਰਦੇ ਵਿੱਚ ਟਿਕੇ ਰਹਿਣਾ, ਉਸ ਜੀਵ-ਇਸਤ੍ਰੀ ਦੀ) ਸੰਤਾਨ ਹੈ।

ਮਾਤਾ ਇਹ ਹਨ ਸੱਚੇ ਰਿਸ਼ਤੇ। ਗੁਰੂ ਸਾਹਿਬ ਨੇ ਗਉੜੀ ਵਿੱਚ ਬਾਣੀ ਕਹੀ:-

ਮਾਤਾ ਮਤਿ ਪਿਤਾ ਸੰਤੋਖੁ ॥ ਸਤੁ ਭਾਈ ਕਰਿ ਏਹੁ ਵਿਸੇਖੁ ॥੧॥ ਕਹਣਾ ਹੈ ਕਿਛੁ ਕਹਣੁ ਨ ਜਾਇ ॥ ਤਉ ਕੁਦਰਤਿ ਕੀਮਤਿ ਨਹੀ ਪਾਇ ॥੧॥ ਰਹਾਉ ॥ ਸਰਮ

ਸੁਰਤਿ ਦੁਇ ਸਸੁਰ ਭਏ ॥ ਕਰਣੀ ਕਾਮਣਿ ਕਰਿ ਮਨ ਲਏ ॥੨॥ ਸਾਹਾ ਸੰਜੋਗੁ ਵੀਆਹੁ ਵਿਜੋਗੁ ॥ ਸਚੁ ਸੰਤਤਿ ਕਹੁ ਨਾਨਕ ਜੋਗੁ ॥

----◈-----

## ਬਾਬਾ ਜੀ ਦੱਸੋ ਕੀ ਕਰੀਏ ਕਿ ਰੱਬ ਦੇ ਦਰ ਦੇ ਦਰਸ਼ਨ ਹੋ ਜਾਣ•

### ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥

ਕਰਤਾਰਪੁਰ ਦੀ ਗੱਲ ਹੈ ਇਕ ਸ਼ਾਮੀ ਸਿੱਖ ਜਦੋਂ ਖੇਤੀ ਕਾਰ ਵਿਹਾਰ ਸੇਵਾ ਤੋਂ ਪਰਤੇ ਤਾਂ ਗੁਰੂ ਸਾਹਿਬ ਅੱਗੇ ਅਰਜੋਈ ਕੀਤੀ ਕਿ ਬਾਬਾ ਜੀ ਸਾਨੂੰ ਵੀ ਕੋਈ ਅਜਿਹਾ ਗੁਰ ਦਿਓ ਕਿ ਸਾਨੂੰ ਵੀ ਨਿਰੰਕਾਰ ਦਾ ਮਹਿਲ ਨਜਰ ਆਵੇ।

ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਅਕਾਲ ਪੁਰਖ ਦਾ ਨਾਮ ਜਪਣਾ ਹੀ ਉਹਦਾ ਮਾਰਗ ਹੈ।

ਸਿੱਖਾਂ ਫਿਰ ਸਵਾਲ ਕੀਤਾ ਕਿ ਕਿਹੜਾ ਵੇਲਾ ਬਿਹਤ੍ਰ ਹੈ ਉਹਦਾ ਨਾਮ ਜੱਪਣ ਲਈ। ਗੁਰੂ ਸਾਹਿਬ ਨੇ ਕਿਹਾ ਕਿ ਸਦਾ ਹੀ ਉਹਦਾ ਨਾਮ ਜਪਣਾ ਲਾਭਕਾਰੀ ਹੈ ਪਰ ਅੰਮ੍ਰਿਤ ਵੇਲੇ ਦਾ ਜਾਪ ਜਿਆਦਾ ਸਹਾਈ ਹੁੰਦਾ ਹੈ। ਰਾਤ ਦੇ ਪਿੱਛਲੇ ਪਹਿਰ ਉਠ ਕੇ ਜਿਹੜਾ ਬੰਦਾ ਉਹਦਾ ਨਾਮ ਧਿਆਉਦਾ ਹੈ ਉਨੂੰ ਨਿਰੰਕਾਰ ਦਾ ਮਹਿਲ ਨਜਰ ਆਉਣਾ ਸ਼ੁਰੂ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਸ਼ਬਦ ਰਚਿਆ:

ਸਲੋਕੁ ॥ ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ ॥ ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥੧॥ ਸਬਦ ॥॥ ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥ ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ ॥ ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ ॥੧॥ ਬਾਬਾ ਮੈ ਕਰਮਹੀਣ ਕੂੜਿਆਰ ॥ ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ ॥੧॥ ਰਹਾਉ ॥ ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ ॥ ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ ॥੨॥ ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ ॥ ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ ॥੩॥ ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ ॥ ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ ॥

----◈-----

## ਸਾਹਿਬ ਮੇਰਾ ਨੀਤ ਨਵਾ○

ਧਰਮਸਾਲ ਪੱਖੋਕੇ ਦੀ ਗੱਲ ਹੈ। ਇਕ ਵੇਰਾਂ ਜਦੋਂ ਗੁਰੂ ਨਾਨਕ ਪਾਤਸ਼ਾਹ ਭੋਜਨ ਛਕ ਰਹੇ ਸਨ ਤਾਂ ਮਾਤਾ ਸੁਲੱਖਣੀ (ਘੁੰਮੀ) ਸਾਹਿਬ ਨੂੰ ਤਾਹਨਾ ਦੇਣ ਲੱਗ ਪਏ। ਕਹਿਣ ਲੱਗੀ ਵੇ ਬਾਬਾ ਤੂੰ ਰੋਜ ਨਵੀ ਸੋ ਨਵੀ ਕਵੀਸ਼ਰੀ ਕਰਦੈ ਇਹਦੇ ਨਾਲ ਤੇਰੇ ਸਤਿ ਕਰਤਾਰ ਨੂੰ ਕੀ ਫਾਇਦਾ। ਭਈ ਰੱਬ ਦਾ ਨਾਂ ਲੈਣਾ ਅਸੀ ਰਾਮ ਰਾਮ ਕਹਿਨੇ ਆ ਤੁਸੀ ਸਤਿ ਕਰਤਾਰ ਕਹਿ ਲਓ। ਤੁਸੀ ਕਿਹਾ ਪੱਥਰ ਨਾ ਪੂਜਿਆ ਕਰੋ। ਅਸੀ ਉਹ ਵੀ ਛੱਡ ਦਿੱਤੇ। ਅਸੀ ਵਰਤ ਰੱਖਣੇ ਵੀ ਛੱਡ ਦਿੱਤੇ। ਪਰ ਤੂੰ ਤਾਂ ਹਰ ਰੋਜ ਨਵੀ ਹੀ ਕਵੀਸ਼ਰੀ (ਬਾਣੀ) ਦਈ ਜਾ ਰਿਹਾ ਹੈ।

ਗੁਰੂ ਸਾਹਿਬ ਨੇ ਆਪਣੀ ਪਤਨੀ ਨੂੰ ਫਰਮਾਇਆ ਵੇਖ ਘੁੰਮੀਏ ਆਹ ਪਾਸੇ ਵੇਖ ਕਿੱਢਾ ਸੋਹਣਾ ਫੁਲ ਖਿੜਿਆ ਏ। ਇਕ ਕਲ੍ਹ ਨਹੀ ਸੀ। ਤੂੰ ਅੱਜ ਗੋਂਗਲੂਆਂ ਦੀ ਸਬਜੀ ਬਣਾਈ ਏ ਕਲ੍ਹ ਤਾਂ ਦਾਲ ਸੀ। ਭੋਲੀਏ ਉਹ ਮਾਲਕ ਰੋਜ ਨਵੇ ਸੋ ਨਵਾ ਹੁੰਦਾ ਹੈ। ਨਵੀਆਂ ਹੀ ਉਹਦੀਆਂ ਦਾਤਾਂ ਹੁੰਦੀਆਂ ਹਨ। ਹਰ ਰੋਜ ਨਵੀ ਸੋ ਨਵੀ। ਉਹ ਕਦੀ ਪੁਰਾਣਾ ਨਹੀ ਹੁੰਦਾ। ਹਰ ਵੇਲੇ ਤਰੋ ਤਾਜ਼ਾ। ਨਿਰੰਕਾਰ ਦਾਤਾਰ ਪ੍ਰਭੂ ਦੀਆਂ ਦਾਤਾਂ ਲੈਣ ਵਾਲੇ ਅਸੀ ਪੁਰਾਣੇ ਹੋ ਜਾਂਦੇ ਹਾਂ ਉਹਦੀਆਂ ਦਾਤਾਂ ਰੋਜ ਨਵੀਆਂ ਸੋ ਨਵੀਆਂ ਹੁੰਦੀਆਂ ਹਨ। ਤੂੰ ਵੇਖਦੀ ਨਹੀ ਅੱਜ ਇਹ ਸਰੋਂ ਦੇ ਬਸੰਤੀ ਫੁੱਲ। ਇਹ ਤਾਜੇ ਨੇ। ਆਹ ਜਿਹੜੀ ਖੁਸ਼ਬੂ ਆ ਰਹੀ ਏ। ਇਹ ਅੱਜ ਦੀ ਤਾਜਾ ਹੈ। ਸਾਉਣ ਦੇ ਮਹੀਨੇ ਵੱਖਰੀ ਖੁਸ਼ਬੂ ਹੁੰਦੀ ਹੈ। ਹਾੜ ਜੇਠ ਵੱਖਰੇ ਹੁੰਦੇ ਨੇ। ਹਰ ਦਿਨ ਨਵਾਂ ਹੁੰਦਾ ਹੈ। ਮਤਲਬ ਹਰ ਦਿਨ ਦੀਆਂ ਦਾਤਾਂ ਨਵੀਆਂ ਹੁੰਦੀਆਂ ਹਨ। ਘੁੰਮੀਏ ਮੇਰਾ ਮਾਲਕ ਹਰ ਰੋਜ ਨਵੇ ਸੋ ਨਵਾਂ। ਮੈਂ ਪੁਰਾਣਾ ਹੋ ਗਇਆ ਵਾਂ। ਮੈਂ ਤਾਂ ਬਸ ਉਹਦੇ ਗੁਣ ਗਾਉਦਾ ਰਹਿੰਨਾ ਵਾਂ ਜਿੰਨੇ ਮੇਰੇ ਦੁੱਖ ਦਲਿਦ੍ਰ ਕੱਟ ਦਿੱਤੇ ਨੇ।

ਸਾਹਿਬ ਨੇ ਮਾਤਾ ਤੇ ਵੀ ਬਖਸ਼ਸ਼ ਕੀਤੀ ਤੇ ਉਹਦੇ ਵੀ ਬੰਦ ਪਏ ਕਿਵਾੜ ਖੁੱਲ ਗਏ। ਉਹ ਵੀ ਗੁਰੂ ਸਾਹਿਬ ਦੇ ਨਾਲ ਹੀ ਗਾਉਣ ਲੱਗ ਪਈ:-

ਧਨਾਸਰੀ ਮਹਲਾ ੧ ਘਰੁ ੧ ਚਉਪਦੇ ॥ ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥ ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥੧॥ ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥ ਰਹਾਉ ॥ ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ ॥ ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥੨॥ ਦਇਆਲ ਤੇਰੈ ਨਾਮਿ ਤਰਾ ॥ ਸਦ ਕੁਰਬਾਣੈ ਜਾਉ ॥੧॥ ਰਹਾਉ ॥ ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ ॥ ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ ॥੩॥ ਤੁਧੁ ਬਾਝੁ ਪਿਆਰੇ ਕੇਵ ਰਹਾ ॥ ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥ ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ ॥੧॥ ਰਹਾਉ ॥ ਸੇਵੀ ਸਾਹਿਬੁ ਆਪਣਾ ਅਵਰੁ ਨ ਜਾਂਚੰਉ ਕੋਇ ॥ ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ ॥੪॥ ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ ॥੧॥ ਰਹਾਉ ॥੪॥੧॥

ਇਹ ਸ਼ਬਦ ਫਿਰ ਰੋਜ ਰੋਜ ਦੀਵਾਨ ਵਿੱਚ ਵੀ ਗਾਇਆ ਜਾਣ ਲੱਗਾ। ਮਾਤਾ ਸੁਲੱਖਣੀ ਬੀਬੀਆਂ ਨਾਲ ਰਲ ਕੇ ਇਹ ਸ਼ਬਦ ਗਾਇਆ ਕਰਦੀ ਸੀ। ਸਾਰੀ ਸੰਗਤ ਨੇ ਝੂਮ ਉਠਣਾ।

----◈-----

## ਦਾਅਦਾ ਕਾਲੂ ਬੋਲਿਆ, 'ਜੋ ਆਉਦਾ ਸਭ ਉਜਾੜੀ ਜਾਨੈ, ਦੋ ਪੈਸੇ ਕੰਮ ਧੰਧੇ ਵਿੱਚ ਵੀ ਲਾ'¤

ਕਰਤਾਰਪੁਰ ਦੀ ਗੱਲ ਹੈ। ਇਕ ਦਿਨ ਮਹਿਤਾ ਕਾਲੂ ਮੰਜੇ ਤੇ ਬੈਠਾ ਸੀ। ਲਾਗੋਂ ਦੀ ਗੁਰੂ ਨਾਨਕ ਨਿਕਲੇ। ਪਿਤਾ ਨੇ ਸੱਦ ਕੇ ਕੋਲ ਬੈਠਾ ਲਿਆ। ਪਿਤਾ ਕਹਿਣ ਲੱਗਾ "ਨਾਨਕਾ ਮੇਰੀ ਗੱਲ ਪਹਿਲਾਂ ਧਿਆਨ ਨਾਲ ਸੁਣੀ ਫਿਰ ਜਵਾਬ ਦਈ।"

ਪਿਤਾ ਬੋਲਿਆ:

"ਵੇਖ ਅੱਜ ਤੇਰਾ ਵਕਤ ਹੈ। ਇਹ ਹਮੇਸ਼ਾਂ ਇਕੋ ਜਿਹਾ ਨਹੀ ਰਹਿੰਦਾ। ਅੱਜ ਕਿੰਨਾ ਕੁਝ ਆ ਰਿਹਾ ਹੈ। ਪਰ ਮੈਂ ਹੈਰਾਨ ਹਾਂ ਤੂੰ ਸਭ ਕੁਝ ਉਜਾੜੀ ਜਾ ਰਿਹੈ। ਪੈਸਾ ਇਕ ਵੀ ਨਹੀ ਜੋੜ ਰਿਹਾ। ਇਸ ਜਿੰਦਗੀ ਦਾ ਕੀ ਪਤਾ। ਕਲ੍ਹ ਨੂੰ ਤੇਰੇ ਪੁੱਤ ਪੋਤਰੇ ਕੀ ਕਰਨਗੇ? ਸਿਆਣੇ ਕਹਿੰਦੇ 'ਬਪਾਰੇ ਬਸਤੇ ਲਖਮੀ'। ਕਿਸੇ ਕੰਮ ਧੰਦੇ ਵਿੱਚ ਦੋ ਪੈਸੇ ਲਾਵਾਂਗੇ ਤਾਂ ਹੀ ਬਰਕਤ ਪੈਂਦੀ ਹੈ।

ਪਿਤਾ ਦੀਆਂ ਗੱਲਾਂ ਸੁਣ ਕੇ ਗੁਰੂ ਸਾਹਿਬ ਥੋੜਾ ਸਖਤ ਹੋ ਗਏ। ਕਹਿਣ ਲੱਗੇ, "ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ ॥" ਪਿਤਾ ਜੀ ਕਿਓ ਨਹੀ ਤੁਸੀ ਆਪਣੇ ਜੀਵਨ ਬਾਰੇ ਵਿਚਾਰ ਕਰਦੇ? ਕਿਓ ਨਹੀ ਅੱਗੇ ਦਾ ਖਿਆਲ ਕਰਦੇ? ਕਿਹੋ ਜਿਹੀ ਗੱਲ ਕਹਿ

ਰਹੇ ਹੋ? ਇਹ ਸੰਗਤ ਦਾ ਪੈਸਾ ਹੈ। ਸੰਗਤ ਵਿੱਚ ਹੀ ਖਰਚਿਆ ਜਾਏਗਾ। ਤੁਹਾਡੇ ਪੋਤਰੇ ਪੜਪੋਤਰੇ ਆਪਣੀ ਕਿਸਮਤ ਲਿਖਾ ਕੇ ਆਉਣਗੇ। ਉਨਾਂ ਨੂੰ ਵੀ ਕੋਈ ਤੋਟ ਨਹੀ ਆਏਗੀ।**

ਦਾਅਦਾ* ਜੀ ਤੁਸੀ ਭਵਿਖ ਦਾ ਸੋਚ ਰਹੇ ਹੋ। ਆਪਾਂ ਨੂੰ ਤਾਂ ਇਸ ਗੱਲ ਦਾ ਪਤਾ ਹੀ ਨਹੀ ਕਿ ਅਗਲਾ ਸਾਹ ਆਉਣਾ ਕਿ ਨਹੀ ਆਉਣਾ। ਆਪਣੇ ਪੈਦਾ ਕੀਤੇ ਜੀਵਾਂ ਦੀ ਪ੍ਰਿਤਪਾਲਣਾ ਅਕਾਲ ਪੁਰਖ ਆਪ ਕਰਦਾ। ਐਹੋ ਜਿਹੀਆਂ ਗੱਲਾਂ ਨਹੀ ਕਰੀਦੀਆਂ। ਅਗਲੇ ਦੀਵਾਨ ਵਿਚ ਗੁਰੂ ਸਾਹਿਬ ਨੇ ਮਰਦਾਨੇ ਦੀ ਰਬਾਬ ਤੇ ਸ਼ਬਦ ਗਾਇਆ:-

ਧਨਾਸਰੀ ਮਹਲਾ ੧ ॥ ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥ ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ ॥੧॥ ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ ॥੧॥ ਰਹਾਉ ॥ ਸਾਸੁ ਮਾਸੁ ਸਭੁ ਜੀਉ ਤੁਮਾਰਾ ਤੂ ਮੈ ਖਰਾ ਪਿਆਰਾ ॥ ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥੨॥ ਜੇ ਤੂ ਕਿਸੈ ਨ ਦੇਹੀ ਮੇਰੇ ਸਾਹਿਬਾ ਕਿਆ ਕੋ ਕਢੈ ਗਹਣਾ ॥ ਨਾਨਕੁ ਬਿਨਵੈ ਸੋ ਕਿਛੁ ਪਾਈਐ ਪੁਰਬਿ ਲਿਖੇ ਕਾ ਲਹਣਾ ॥੩॥ ਨਾਮੁ ਖਸਮ ਕਾ ਚਿਤਿ ਨ ਕੀਆ ਕਪਟੀ ਕਪਟੁ ਕਮਾਣਾ ॥ ਜਮ ਦੁਆਰਿ ਜਾ ਪਕੜਿ ਚਲਾਇਆ ਤਾ ਚਲਦਾ ਪਛੁਤਾਣਾ ॥੪॥ ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥ ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ॥

ਗੁਰੂ ਸਾਹਿਬ ਦਾ ਉਪਦੇਸ ਸੁਣ ਕੇ ਦਾਅਦਾ ਕਾਲੂ ਪਸਚਾਤਾਪ ਅਤੇ ਵੈਰਾਗ ਵਿੱਚ ਆ ਗਿਆ। 'ਕਿ ਮੇਰਾ ਕੀ ਬਣੇਗਾ। ਮੈਂ ਹਮੇਸ਼ਾਂ ਮਾਇਆ ਮੋਹ ਵਿੱਚ ਹੀ ਫਸਿਆ ਰਿਹਾ ਹਾਂ। ਮੈਂ ਤਾਂ ਨਰਕਾਂ ਨੂੰ ਜਾਵਾਂਗਾ"

ਗੁਰੂ ਸਾਹਿਬ ਨੇ ਦਿਲਾਸਾ ਦਿੱਤਾ, "ਨਹੀ ਦਾਅਦਾ ਤੂੰ ਵੀ ਮੁਕਤ ਹੈਂ। "

ਪਿਤਾ ਕਹਿਣ ਲੱਗਾ ਓਏ ਪੁੱਤਰਾ ਮੈ ਜ਼ਿੰਦਗੀ 'ਚ ਕੋਈ ਪੁੰਨ ਨਹੀ ਕੀਤਾ ਮੈਂ ਕਿਵੇ ਮੁਕਤ ਹੋ ਗਿਆ?

ਗੁਰੂ ਸਾਹਿਬ ਨੇ ਕਿਹਾ ਵੇਖੋ ਦਾਅਦਾ ਇਹ ਤੁਹਾਡੀ ਬਦੌਲਤ ਹੀ ਮੈਂ ਥੋੜੀ ਬਹੁਤ ਭਗਤੀ ਕਰਨ ਦੇ ਸਮਰਥ ਹੋਇਆ ਹਾਂ। ਮੇਰੀ ਜ਼ਿੰਮੇਵਾਰੀ ਤੁਸੀ ਸੰਭਾਲਦੇ ਆਏ ਹੋ। ਮੈਂ ਤੁਹਾਡੇ ਲਈ ਵੀ ਨਿਰੰਕਾਰ ਅੱਗੇ ਅਰਦਾਸ ਕਰਦਾ ਹਾਂ। ਸਰਬਤ ਦਾ ਭਲਾ ਮੰਗਦਾ ਹਾਂ। ਹੁਣ ਵਾਇਦਾ ਕਰੋ ਕਿ ਜਿੰਨੇ ਸਵਾਸ ਹੈਗੇ ਨੇ ਹਰ ਵੇਲੇ ਉਸ ਨਿਰੰਕਾਰ ਨੂੰ ਯਾਦ ਕਰੋਗੇ। ਮਾਇਆ ਮੋਹ ਤਿਆਗੋਗੇ। ਦਾਅਦੇ ਦੇ ਦਿਮਾਗ ਦੇ ਬੰਦ ਪਏ ਦਰਵਾਜੇ ਹੁਣ ਖੁੱਲ ਗਏ ਸਨ ਤੇ ਸਦਾ ਸਤਿਕਰਤਾਰ ਸਤਿ ਕਰਤਾਰ ਦਾ ਜਾਪ ਕਰਨ ਲੱਗਾ।

ਫਿਰ ਇਕ ਦਿਨ ਗੁਰੂ ਸਾਹਿਬ ਨੇ ਪਿਤਾ ਨੂੰ ਦਿਲਾਸਾ ਦਿੱਤਾ ਕਿ ਤੁਸੀ ਵੀ ਮੁਕਤ ਹੋ।

----◈-----

## ਮਾਤਾ ਕਹਿਣ ਲੱਗੀ "ਵੇ ਮੇਰਾ ਨਹੀਓ ਸਿਮਰਨ ਵਿੱਚ ਮੰਨ ਲੱਗਦਾ"✚

ਜਦੋਂ ਮਾਪੇ ਕਰਤਾਰਪੁਰ ਵਿੱਚ ਰਹਿ ਰਹੇ ਸਨ ਤਾਂ ਉਹ ਦੋਵੇ ਜੀਅ ਗੁਰੂ ਸਾਹਿਬ ਦੇ ਦੀਵਾਨ ਦੀ ਹਾਜਰੀ ਬੜੇ ਧਿਆਨ ਪੂਰਬਕ ਭਰਦੇ ਸਨ। ਪਿਤਾ ਕਾਲੂ ਨੇ ਤਾਂ ਹੌਲੀ ਹੌਲੀ ਸਿਮਰਨ ਸ਼ੁਰੂ ਕਰ ਦਿੱਤਾ ਸੀ ਪਰ ਮਾਤਾ ਜਿਆਦਾ ਦੁਨਿਆਵੀ ਗੱਲਾਂ ਵਿੱਚ ਰੁੱਝੀ ਰਹਿੰਦੀ ਸੀ। ਇਕ ਵੇਰਾਂ ਫਿਰ ਕਿਸੇ ਗੁਰਸਿੱਖ ਨੇ ਹੀ ਮਾਤਾ ਨੂੰ ਸਤਿਕਾਰ ਸਹਿਤ ਕਿਹਾ ਕਿ ਮਾਤਾ ਜੀ ਤੁਸੀ ਵੀ ਸਿਮਰਨ ਵਲ ਧਿਆਨ ਦਿਆ ਕਰੋ। ਮਾਤਾ ਕਹਿਣ ਲੱਗੀ ਵੇ ਮੇਰਾ ਮੰਨ ਨਹੀ ਲੱਗਦਾ ਸਿਮਰਨ ਵਗੈਰਾ 'ਚ।

ਫਿਰ ਇਕ ਦਿਨ ਜਦੋਂ ਮੰਜੀ ਤੇ ਪੈ ਗਈ ਤਾਂ ਪੁੱਤਰ ਨੂੰ ਕਹਿਣ ਲੱਗੀ ਕਿ ਨਾਨਕ ਮੇਰਾ ਨਹੀਓ ਧਿਆਨ ਲੱਗਦਾ ਸਿਮਰਨ ਵਿਚ। ਦੱਸ ਮੈਂ ਕੀ ਕਰਾਂ? ਗੁਰੂ ਸਾਹਿਬ ਕਹਿਣ ਲੱਗੇ ਮਾਤਾ ਜੀ ਮੰਨ ਨੂੰ ਬਦੋ ਬਦੀ ਬੰਨ ਕੇ ਸਿਮਰਿਆ ਨਹੀ ਜਾ ਸਕਦਾ। ਜੇ ਸੱਚਮੁੱਚ ਸਿਮਰਨਾਂ ਚਾਹੁੰਦੇ ਹੋ ਤਾਂ ਸੱਚ ਨੂੰ ਪਛਾਣ ਲਵੋ। ਹਰ ਥਾਂ ਹਰ ਸ਼ੈਅ ਉਸ ਨਿਰੰਕਾਰ ਦਾ ਰੂਪ ਹੈ। ਉਸ ਰੂਪ ਵਿਚੋਂ ਨਿਰੰਕਾਰ ਨੂੰ ਲੱਭੋ। ਝੂਠ ਤੋਂ ਕਿਨਾਰਾ ਕਰੋ। ਹੁਣ ਕੀ ਪਤਾ ਕਿਸੇ ਵੇਲੇ ਵੀ ਬੁਲਾਵਾ ਆ ਜਾਏ।

ਸਾਹਿਬ ਨੇ ਧਨਾਸਰੀ ਵਿੱਚ ਸ਼ਬਦ ਕਿਹਾ *:-

ਧਨਾਸਰੀ ਮਹਲਾ ੧ ਘਰੁ ਦੂਜਾ ੴ ਸਤਿਗੁਰ ਪ੍ਰਸਾਦਿ ॥ ਕਿਉ ਸਿਮਰੀ ਸਿਵਰਿਆ ਨਹੀ ਜਾਇ ॥ ਤਪੈ ਹਿਆਉ ਜੀਅੜਾ ਬਿਲਲਾਇ ॥ ਸਿਰਜਿ ਸਵਾਰੇ ਸਾਚਾ ਸੋਇ ॥ ਤਿਸੁ ਵਿਸਰਿਐ ਚੰਗਾ ਕਿਉ ਹੋਇ ॥੧॥ ਹਿਕਮਤਿ ਹੁਕਮਿ ਨ ਪਾਇਆ ਜਾਇ ॥ ਕਿਉ ਕਰਿ ਸਾਚਿ ਮਿਲਉ ਮੇਰੀ ਮਾਇ ॥੧॥ ਰਹਾਉ ॥ ਵਖਰੁ ਨਾਮੁ ਦੇਖਣ ਕੋਈ ਜਾਇ ॥ ਨਾ ਕੋ ਚਾਖੈ ਨਾ ਕੋ ਖਾਇ ॥ ਲੋਕਿ ਪਤੀਣੈ ਨਾ ਪਤਿ ਹੋਇ ॥ ਤਾ ਪਤਿ ਰਹੈ ਰਾਖੈ ਜਾ ਸੋਇ ॥੨॥ ਜਹ ਦੇਖਾ ਤਹ ਰਹਿਆ ਸਮਾਇ ॥ ਤੁਧੁ ਬਿਨੁ ਦੂਜੀ ਨਾਹੀ ਜਾਇ ॥ ਜੇ ਕੋ ਕਰੇ ਕੀਤੈ ਕਿਆ ਹੋਇ ॥ ਜਿਸ ਨੋ ਬਖਸੇ ਸਾਚਾ ਸੋਇ

ਪੈੜ ਸਰੋਤ

✚ਸੋਢੀ 2- 417 ਨੇ ਇਹ ਸਬਦ ਭਾਈ ਲਹਿਣੇ ਪ੍ਰਥਾਇ ਕਹੇ ਜਾਣਾ ਦੱਸਿਆ ਹੈ, ਹਾਲਾਂ ਕਿ ਸੰਬੋਧਨ ਸਾਫ ਤੌਰ ਤੇ ਮਾਤਾ ਨੂੰ ਹੈ। ਫਿਰ ਖੁਦ ਸੋਢੀ 2- 205 ਨੇ ਮੰਨਿਆ ਹੈ ਇਸ ਸਬਦ ਤੋਂ ਪਹਿਲਾਂ ਵਾਲਾ ਪਿਤਾ ਕਾਲੂ ਨੂੰ ਸੰਬੋਧਨ ਕੀਤਾ ਹੈ। ਸੋ ਨਾਲ ਲੱਗਦਾ ਸ਼ਬਦ ਮਾਤਾ ਪ੍ਰਥਾਇ ਹੀ ਹੈ।

◈ ਸੋਢੀ 2- 160, ● ਇਹ ਵੀ ਸੋਢੀ:2 ਅਨੁਸਾਰ ਹੀ ਹੈ।

● *ਚਾਰੇ ਖਾਣੀਆਂ- ਹਿੰਦੂਮਤ ਅਨੁਸਾਰ ਸਾਰੀ ਸ੍ਰਿਸਟੀ ਦੇ ਜੀਵਾਂ ਨੂੰ ਚਾਰ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ ਉਨਾਂ ਦੇ ਪੈਦਾ ਹੋਣ ਦੇ ਅਧਾਰ ਤੇ ਜਿਵੇ:-

1. ਅੰਡਜ - ਜਿਹੜੇ ਅੰਡੇ ਤੋਂ ਪੈਦਾ ਹੁੰਦੇ ਹਨ ਜਿਵੇਂ ਪੰਛੀ, ਕਿਰਲੇ, ਮੱਛੀਆਂ ਆਦਿ।
2. ਜੇਰਜ - ਜੇਰ ਰਾਂਹੀ ਪੈਦਾ ਹੋਣ ਵਾਲੇ। ਭਾਵ ਜਿਹੜੇ ਸਿੱਧੇ ਮਾਂ ਦੇ ਗਰਭ ਵਿਚੋਂ ਆਉਂਦੇ ਹਨ। ਜਿਵੇ ਮੈਂਮਲਜ (Mammals like man, monkey, buffalo, horse, dog, mouse)
3. ਸੇਤਜ- ਜਿਹੜੇ ਗੰਦਗੀ ਵਿੱਚ ਪੈਦਾ ਹੁੰਦੇ ਹਨ। ਜਿਵੇ ਬੈਕਟੀਰੀਆ ਜੂਆਂ ਜਾਂ ਹੋਰ ਪੈਰਾਸਾਈਟਜ਼
4. ਉਤਭੁਜ- ਜਿਹੜੇ ਬੀਜ ਤੋਂ ਧਰਤੀ ਵਿੱਚ ਪੈਦਾ ਹੁੰਦੇ ਹਨ। ਵੇਲ ਬੂਟੇ ਆਦਿ

ਜਪੁਜੀ ਦੇ ਸਲੋਕ ਦੇ ਆਉਣ ਤੋਂ ਲਗਦਾ ਹੈ ਕਿ ਇਹ ਸਾਖੀ ਭਾਈ ਲਹਿਣਾ ਮਿਲਾਪ ਤੋਂ ਬਾਦ ਦੀ ਹੈ। ⊙ ਸੋਢੀ 2-184

■ ਸੋਢੀ 2-189, ◆ ਸੋਢੀ 2- 198, ○ ਸੋਢੀ 2- 414 ਨੇ ਇਹ ਸ਼ਬਦ ਗੁਰੂ ਅੰਗਦ ਦੇਵ ਦੇ ਪ੍ਰਥਾਇ ਕਹਿਣਾ ਦੱਸਿਆ ਹੈ ਜਦੋਂ ਕਿ ਸਾਫ ਤੌਰ ਤੇ ਸੰਬੋਧਨ ਕਾਮਿਨੀ ਨੂੰ ਹੈ। ਫਿਰ ਸੋਢੀ ਨੇ ਮੰਨਿਆ ਹੈ ਕਿ ਇਸ ਤੋਂ ਅਗਲਾ ਸ਼ਬਦ ਪਿਤਾ ਕਾਲੂ ਦੇ ਪ੍ਰਥਾਇ ਹੈ।

◘ ਸੋਢੀ 2- 205, * ਮਾਝੇ ਦੇ ਇਲਾਕੇ ਵਿੱਚ ਕੁਝ ਲੋਕ ਬਜੁਰਗਾਂ ਨੂੰ ਦਾਅਦਾ (ਦਾਦਾ ਨਹੀ) ਕਹਿ ਕੇ ਸੰਬੋਧਨ ਕਰਦੇ ਸਨ। ਅਸੀ ਆਪਣੇ ਪਿੰਡ ਦੇ ਅਖੌਤੀ ਕੰਮੀ ਬਜੁਰਗਾਂ ਨੂੰ ਦਾਅਦਾ ਕਹਿਕੇ ਸੰਬੋਧਨ ਕਰਿਆ ਕਰਦੇ ਸਾਂ। ਵਕਤ ਵਕਤ ਨਾਲ ਸੰਬੋਧਨ ਬਦਲਦੇ ਰਹਿੰਦੇ ਨੇ। ਲੱਗਦੈ ਗੁਰੂ ਨਾਨਕ ਸਾਹਿਬ ਵੀ ਪਿਤਾ ਨੂੰ ਦਾਅਦਾ ਹੀ ਕਿਹਾ ਕਰਦੇ ਸਨ। ਦਾਅਦਾ ਲਫਜ਼ ਮਹਾਰਾਸ਼ਟਰ ਤੇ ਮੱਧ ਪ੍ਰਦੇਸ ਕੁਝ ਇਲਾਕਿਆ ਵਿਚ ਵੱਡੇ ਭਰਾ ਲਈ ਵੀ ਵਰਤਿਆ ਜਾਂਦਾ ਹੈ। ਕਿਤੇ ਇਹ ਦਬੰਗ ਬੰਦੇ ਲਈ ਵਰਤਿਆ ਜਾਂਦਾ ਹੈ। : ਦਾਦਾਗਿਰੀ

** ਇਹ ਗੁਰੂ ਨਾਨਕ ਦੇ ਅਸ਼ੀਰਵਾਦ ਦੀ ਹੀ ਬਰਕਤ ਹੈ ਕਿ ਜਿੱਥੇ ਕਿਤੇ ਬੇਦੀ ਹੈਨ ਉਹ ਚੰਗੀ ਮਾਇਕ ਹਾਲਤ ਵਿੱਚ ਹਨ। ਕੁਝ ਵੀ ਹੋਵੇ ਸਿੱਖ ਬੇਦੀ ਤੁਹਾਨੂੰ ਭੁੱਖਾ ਮਰਦਾ ਨਜ਼ਰ ਨਹੀ ਆਏਗਾ। ਕੀ ਇਹ ਵੀ ਚਮਤਕਾਰ ਨਹੀ? ✚ ਸੋਢੀ 2-189

॥੩॥ ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ ॥ ਕਿਆ ਮੁਹੁ ਦੇਸਾ ਗੁਣ ਨਹੀ ਨਾਲਿ ॥ ਜੈਸੀ ਨਦਰਿ ਕਰੇ ਤੈਸਾ ਹੋਇ ॥ ਵਿਣੁ ਨਦਰੀ ਨਾਨਕ ਨਹੀ ਕੋਇ ॥੪॥੧॥੩॥

ਗੁਰੂ ਸਾਹਿਬ ਨੇ ਮਾਤਾ ਜੀ ਅਕਾਲ ਪੁਰਖ ਦੀ ਬਖਸ਼ਸ਼ ਹੋਵੇ ਤਾਂ ਹੀ ਉਨ੍ਹੂੰ ਧਿਆਇਆ ਜਾ ਸਕਦਾ ਹੈ। ਇਸ ਕਰਕੇ ਸਿਮਰਨ ਲਈ ਵੀ ਉਹਦੇ ਅੱਗੇ ਅਰਦਾਸ ਕਰਿਆ ਕਰੋ। ਸੱਚੇ ਸਤਿਗੁਰ ਦਾ ਧਿਆਨ ਕਰੋ ਉਹਦੇ ਤੇ ਧਿਆਨ ਵੀ ਸਿਮਰਨ ਵਿੱਚ ਸਹਾਈ ਹੋ ਸਕਦਾ ਹੈ। ਬਾਕੀ ਮਾਤਾ ਤੇਰਾ ਤਾਂ ਕੀ ਸਾਰਾ ਪ੍ਰਵਾਰ ਹੀ ਇਸ 84 ਦੇ ਗੇੜ ਤੋਂ ਮੁਕਤ ਰਹੇਗਾ। ਤੇਰੇ ਪੁੱਤਰ ਨੂਹਾਂ ਪੋਤਰੇ ਪੋਤਰੀਆਂ ਵੀ। ਬਸ ਉਸ ਅੱਗੇ ਇਹੋ ਅਰਦਾਸ ਕਰਿਆ ਕਰ ਕੇ ਇਹ ਜੀਅ ਪ੍ਰਾਣ ਓਸੇ ਦੇ ਹਨ ਜਿਸ ਨੇ ਦਿੱਤੇ ਹਨ।

ਗੁਰੂ ਸਾਹਿਬ ਨੇ ਮਾਤਾ ਦੇ ਪ੍ਰਥਾਇ ਸ਼ਬਦ ਕਿਹਾ:-

ਧਨਾਸਰੀ ਮਹਲਾ ੧ ॥ ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥ ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥ ਗੁਰ ਪਰਸਾਦੀ ਪਾਇਆ ਜਾਇ ॥ ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ ਰਹਾਉ ॥ ਸਚਿ ਸਿਮਰਿਐ ਹੋਵੈ ਪਰਗਾਸੁ ॥ ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥ ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥੨॥ ਐਸੀ ਸੇਵਕੁ ਸੇਵਾ ਕਰੈ ॥ ਜਿਸ ਕਾ ਜੀਉ ਤਿਸੁ ਆਗੈ ਧਰੈ ॥ ਸਾਹਿਬ ਭਾਵੈ ਸੋ ਪਰਵਾਣੁ ॥ ਸੋ ਸੇਵਕੁ ਦਰਗਹ ਪਾਵੈ ਮਾਣੁ ॥੩॥ ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥ ਜੋ ਇਛੈ ਸੋਈ ਫਲੁ ਪਾਏ ॥ ਸਾਚਾ ਸਾਹਿਬੁ ਕਿਰਪਾ ਕਰੈ ॥ ਸੋ ਸੇਵਕੁ ਜਮ ਤੇ ਕੈਸਾ ਡਰੈ ॥੪॥ ਭਨਤਿ ਨਾਨਕੁ ਕਰੇ ਵੀਚਾਰੁ ॥ ਸਾਚੀ ਬਾਣੀ ਸਿਉ ਧਰੇ ਪਿਆਰੁ ॥ ਤਾ ਕੋ ਪਾਵੈ ਮੋਖ ਦੁਆਰੁ ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥੫॥੨॥੪॥

ਛੇਤੀ ਹੀ ਫਿਰ ਕੁਝ ਦਿਨਾਂ ਵਿੱਚ ਮਾਤਾ ਤ੍ਰਿਪਤਾ ਕਰਤਾਰਪੁਰ ਵਿਖੇ ਚਲਾਣਾ ਕਰ ਗਏ

----◆-----

## ਰੱਬ ਦੇ ਰਾਹ ਤੇ ਭੇਖ ਧਾਰਨ ਕਰਨਾਂ ਫਜੂਲ ਹੈ ਇਕ ਵੈਸ਼ਨਵ ਨਾਲ◆

ਏਸੇ ਤਰਾਂ ਇਕ ਦਿਨ ਇਕ ਵੈਸ਼ਨੋ ਸਾਧੂ ਕਰਤਾਰਪੁਰ ਆ ਗਿਆ। ਉਸਨੇ ਗੁਰੂ ਨਾਨਕ ਦੀ ਖੂਬ ਉਪਮਾ ਸੁਣੀ ਸੀ। ਉਨ੍ਹੂੰ ਇਹ ਸੁਣ ਕੇ ਗੁੱਸਾ ਆ ਰਿਹਾ ਸੀ ਕਿ ਇਹ ਕਿਵੇ ਹੋ ਸਕਦਾ ਹੈ ਕਿ ਕੋਈ ਗ੍ਰਿਸਤੀ ਬੰਦਾ ਰੂਹਾਨੀਅਤ ਜਾਂ ਧਰਮ ਬਾਰੇ ਲੋਕਾਂ ਨੂੰ ਰੋਸ਼ਨੀ ਦੇਵੇ। ਇਕ ਦਿਨ ਉਹ ਹੌਸਲਾ ਕਰਕੇ ਗੁਰੂ ਸਾਹਿਬ ਕੋਲ ਪਹੁੰਚ ਹੀ ਗਿਆ।

ਸੇਵਾਦਾਰਾਂ ਨੂੰ ਕਹਿਣ ਲੱਗਾ ਮੈਨੂੰ ਆਪਣੇ ਗੁਰੂ ਨਾਲ ਮਿਲਾਓ। ਉਨਾਂ ਕਿਹਾ ਜੀ ਠੀਕ ਹੈ ਪਹਿਲਾਂ ਤੁਸੀ ਕੁਝ ਜਲ-ਪਾਣੀ ਛਕੋ। ਅਰਾਮ ਕਰੋ। ਤਰੋ ਤਾਜੇ ਹੋ ਜਾਓ। ਦੂਰੋ ਆਏ ਹੋ।

ਗੁਰੂ ਸਾਹਿਬ ਨਾਲ ਜਦੋਂ ਮੇਲ ਹੋਇਆ ਤਾਂ ਸਾਹਿਬ ਨੇ ਸਾਧੂ ਨੂੰ ਲੇਟ ਕੇ ਡੰਡਾਉਤ ਬੰਦਨਾਂ ਕੀਤੀ। ਸੁਖ ਸਾਂਦ ਪੁੱਛਣ ਤੋਂ ਬਾਦ ਗੁਰੂ ਸਾਹਿਬ ਨੇ ਕਿਹਾ ਕਿ ਮੇਰੇ ਧੰਨ ਭਾਗ ਕਿਸੇ ਰੱਬੀ ਰੂਹ ਦੇ ਦਰਸ਼ਨ ਹੋਏ ਨੇ। ਸਾਧੂ ਨੇ ਜਦੋਂ ਖੁੱਦ ਦੀ ਉਪਮਾ ਸੁਣੀ ਤਾਂ ਗੁਰੂ ਸਾਹਿਬ ਨੂੰ ਸਵਾਲ ਕਰ ਦਿੱਤਾ ਕਿ ਜਦੋਂ ਤੁਸੀ ਮੰਨਦੇ ਹੋ ਕਿ ਸਨਿਆਸ ਉਤਮ ਹੈ ਤਾਂ ਫਿਰ ਤੁਸੀ ਕਿਓ ਗ੍ਰਿਸਤ ਧਾਰਨ ਕੀਤਾ ਹੈ? ਕਿਤੇ ਸਨਿਆਸ ਦੇ ਕਠਿਨ ਮਾਰਗ ਤੋਂ ਡਰ ਕੇ ਤਾਂ ਨਹੀ ਛੱਡ ਆਏ?

ਗੁਰੂ ਸਾਹਿਬ ਨੇ ਕਿਹਾ ਕਿ ਮੈਂ ਉਨਾਂ ਰੂਹਾਂ ਦੀ ਚਰਨ ਧੂੜ ਹਾਂ ਜਿੰਨਾਂ ਨੂੰ ਪਰਮੇਸ਼ਰ ਨੂੰ ਮਿਲਣ ਦੀ ਤਾਂਘ ਹੈ। ਮੈਂ ਇਸ ਕਰਕੇ ਤੁਹਾਨੂੰ ਡੰਡਾਉਤ ਕੀਤੀ ਹੈ। ਪਰ ਮੈਂ ਇਹ ਹਰਗਿਜ਼ ਨਹੀ ਮੰਨਦਾ ਕਿ ਮਿਲਾਪ ਲਈ ਜਿਹੜੇ ਰਸਤੇ ਲੋਕ ਅਖਤਿਆਰ ਕਰਦੇ ਹਨ ਉਹ ਸਾਰੇ ਦਰੁਸਤ ਹੋਣ। ਗੁਰੂ ਸਾਹਿਬ ਨੇ ਧਰਮ ਦੇ ਰਾਹ ਤੇ ਅਪਣਾਏ ਜਾ ਰਹੇ ਵੱਖ ਵੱਖ ਤੌਰ ਤਰੀਕਿਆਂ ਨੂੰ ਬਿਆਨ ਕੀਤਾ ਤੇ ਉਨਾਂ ਦਾ ਖੰਡਨ ਕੀਤਾ।

ਗੁਰੂ ਸਾਹਿਬ ਨੇ ਕਿਹਾ ਜੇ ਤੁਸਾਂ ਨੂੰ ਪ੍ਰੀਤਮ ਨੂੰ ਮਿਲਣ ਦੀ ਤਾਂਘ ਹੈ ਤਾਂ ਜਰੂਰੀ ਨਹੀ ਕਿ ਤੁਸੀ ਘਰ ਬਾਰ ਹੀ ਛੱਡ ਜਾਓ। ਜਰੂਰੀ ਹੈ ਅਸੀ ਕਰਤੇ ਦੀ ਰਜਾ ਵਿੱਚ ਰਹੀਏ। ਪਰਮੇਸ਼ਰ ਦੀ ਸਿਫਤ ਸਾਲਾਹ ਨਾਲ ਸਾਡੀ ਹੋਸ਼ੀ ਬੁੱਧ ਆਪੇ ਟਿਕਾਣੇ ਆ ਜਾਏਗੀ। ਬਸ ਗ੍ਰਿਸਤ ਵਿੱਚ ਹੀ ਬੰਦਾ ਇਉ ਰਹੇ ਜਿਵੇ ਸਨਿਆਸ ਵਿੱਚ ਹੈ। ਸਨਿਆਸ ਹਉਮੈ ਤੋਂ ਲੈਣਾ ਹੈ।

ਪਰ ਸਭ ਤੋਂ ਜਰੂਰੀ ਹੈ ਬੰਦਾ ਸੱਚ ਦੀ ਪਉੜੀ ਤੇ ਪੈਰ ਰੱਖਣਾ ਸ਼ੁਰੂ ਕਰੇ। ਜਦੋਂ ਤੁਸੀ ਸੱਚ ਤੇ ਆਓਗੇ ਰਜਾ ਵਾਲਾ ਜੀਵਨ ਸ਼ੁਰੂ ਹੋ ਜਾਏਗਾ। ਸੱਚ ਤੋਂ ਬਾਦ ਗੱਲ ਚਲਣੀ ਹੈ ਰੱਬ ਦੇ ਜੱਸ ਦੀ ਜਾਂ ਨਾਮ ਦੀ। ਇਹ ਭੇਖ ਵੇਖ ਕਰਨੇ ਸਭ ਫਜੂਲ ਨੇ। ਸਨਿਆਸ ਦਾ ਧਰਮ ਦਰ ਅਸਲ ਹੈ ਹੀ ਗੈਰ ਕੁਦਰਤੀ। ਇਹ ਰਜਾ ਤੋਂ ਬਾਹਰਾ ਹੋ ਜਾਂਦਾ ਹੈ।

ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ ਤਾਂ ਮਰਦਾਨੇ ਨੇ ਆਸਾ ਰਾਗ ਦੀ ਧੁੰਨ ਛੇੜੀ। ਬੇਲੇ ਦੇ ਇਸ ਸੁੰਨ ਸਾਨ ਮਹੌਲ ਵਿੱਚ ਰਬਾਬ ਵੀ ਇਓ ਗੂੰਜਦੀ ਸੀ ਜਿਵੇ ਢੋਲ ਵੱਜਦਾ ਹੈ। ਫਿਰ ਕੀਰਤਨ ਵਿੱਚ ਸੰਗਤ ਦਾ ਵੀ ਸਾਥ ਸੀ। ਸ਼ਬਦ ਸੀ:-

ਆਸਾ ਮਹਲਾ ੧ ॥ ਗ੍ਰਿਹੁ ਬਨੁ ਸਮਸਰਿ ਸਹਜਿ ਸੁਭਾਇ ॥ ਦੁਰਮਤਿ ਗਤੁ ਭਈ ਕੀਰਤਿ ਠਾਇ ॥ ਸਚ ਪਉੜੀ ਸਾਚਉ ਮੁਖਿ ਨਾਂਉ ॥ ਸਤਿਗੁਰੁ ਸੇਵਿ ਪਾਏ ਨਿਜ ਥਾਉ ॥੧॥ ਮਨ ਚੂਰੇ ਖਟੁ ਦਰਸਨ ਜਾਣੁ ॥ ਸਰਬ ਜੋਤਿ ਪੂਰਨ ਭਗਵਾਨੁ ॥੧॥ ਰਹਾਉ ॥ ਅਧਿਕ ਤਿਆਸ ਭੇਖ ਬਹੁ ਕਰੈ ॥ ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥ ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥ ਦੁਬਿਧਾ ਛੋਡਿ ਨਾਮਿ ਨਿਸਤਰੈ ॥੨॥ ਸਿਫਤਿ ਸਲਾਹਣੁ ਸਹਜ ਅਨੰਦ ॥ ਸਖਾ ਸੈਨੁ ਪ੍ਰੇਮੁ ਗੋਬਿੰਦ ॥ ਆਪੇ ਕਰੇ ਆਪੇ ਬਖਸਿੰਦੁ ॥ ਤਨੁ ਮਨੁ ਹਰਿ ਪਹਿ ਆਗੈ ਜਿੰਦੁ ॥੩॥ ਝੂਠ ਵਿਕਾਰ ਮਹਾ ਦੁਖੁ ਦੇਹ ॥ ਭੇਖ ਵਰਨ ਦੀਸਹਿ ਸਭਿ ਖੇਹ ॥ ਜੋ ਉਪਜੈ ਸੋ ਆਵੈ ਜਾਇ॥ ਨਾਨਕ ਅਸਥਿਰੁ ਨਾਮੁ ਰਜਾਇ ॥

ਸਾਧੂ ਦੀ ਅਕਲ ਦੇ ਬੰਦ ਦਰਵਾਜੇ ਖੁੱਲ ਗਏ। ਕਹਿੰਦਾ ਗੁਰੂ ਜੀ ਮੈਂ ਹੁਣ ਤੇਰਾ। ਮੈਨੂੰ ਹੁਕਮ ਕਰੋ। ਗੁਰੂ ਸਾਹਿਬ ਨੇ ਕਿਹਾ ਮੇਰਾ ਨਾਂ ਬਣੋ ਆਪਣਾ ਬਣੋ। ਨਿਰੰਕਾਰ ਦਾ ਬਣੋ। ਕਹਿਣ ਲੱਗਾ ਦੱਸੋ ਹੁਣ ਮੇਰੇ ਲਈ ਕੀ ਰਾਹ ਹੈ? ਗੁਰੂ ਸਾਹਿਬ ਨੇ ਕਿਹਾ ਕਿ ਵੇਖੋ ਕੁਦਰਤੀ ਤੌਰ ਤੇ ਤੁਸੀ ਜੀਵਨ ਕਿੱਥੇ ਜੀਅ ਸਕਦੇ ਹੋ ਓਥੋਂ ਦੇ ਹੋ ਜਾਓ। ਜੇ ਪਿੱਛੇ ਕੋਈ ਹੈਗਾ, ਘਰ ਜਾਣਾ ਤਾਂ ਘਰ ਚਲੇ ਜਾਓ ਜਾਂ ਜਿੱਥੇ ਸਨਿਆਸ ਵਿੱਚ ਰਹਿ ਰਹੇ ਸੀ ਓਥੇ ਰਹਿ ਕੇ ਲੋਕਾਈ ਦਾ ਉਧਾਰ ਕਰੋ।

ਸਾਧੂ ਕੁਝ ਮਹੀਨੇ ਕਰਤਾਰਪੁਰ ਹੀ ਰਹਿ ਗਿਆ। ਭੇਖ ਲਾਹ ਸੁਟਿਆ। ਤੇ ਵਾਪਸ ਆਪਣੇ ਟਿਕਾਣੇ ਤੇ ਪਹੁੰਚ ਕੇ ਲੱਗਾ ਗੁਰਮਤ ਦਾ ਪ੍ਰਚਾਰ ਕਰਨ।

----◆-----

## ਆਪੇ ਰੱਬ ਘੜ੍ਹ ਕੇ ਉਸ ਦੀ ਪੂਜਾ ਕਰਦੇ ਨੇ! •
### ਤੇਰੀ ਮੂਰਤਿ ਏਕਾ ਬਹੁਤੁ ਰੂਪ ॥
### ਫਰਵਰੀ 1524 (ਬਸੰਤ ਦੇ ਦਿਨ)

ਗੁਰੂ ਸਾਹਿਬ ਕਰਤਾਰਪੁਰ ਬਿਰਾਜੇ ਹੋਏ ਸਨ ਕਿ ਇਕ ਦਿਨ ਸਾਧੂਆਂ ਦਾ ਟੋਲਾ ਆ ਗਿਆ। ਅਖੇ

"ਹਮ ਨੇ ਸੁਨਾ ਯਹਾਂ ਬਾਬਾ ਨਾਨਕ ਬਸਤੇ ਹੈ। ਓਹ ਕੁਝ ਅਲੱਗ ਹੀ ਬਾਤ ਕਰ ਰਹੇ ਹੈਂ। ਸੁਨੇ ਤੋ ਸਹੀ ਕਯਾ ਕਹਤੇ ਹੈ!"

ਸਿੱਖਾਂ ਨੇ ਸਾਧੂਆਂ ਦਾ ਸਵਾਗਤ ਕੀਤਾ। ਗਰਮ ਪਾਣੀ ਨਾਲ ਪੈਰ ਧੁਆਏ। ਗਰਮ ਗਰਮ ਦੁੱਧ ਪਿਆਇਆ। ਸਾਧੂਆਂ ਨੂੰ ਬੇਨਤੀ ਕੀਤੀ ਕਿ ਕੁਝ ਦੇਰ ਅਰਾਮ ਫਰਮਾਓ। ਲੌਢੇ ਵੇਲੇ ਦਾ ਦੀਵਾਨ ਲੱਗਣ ਵਾਲਾ ਹੈ ਉਸ ਵਿੱਚ ਗੁਰੂ ਸਾਹਿਬ ਨਾਲ ਵਾਰਤਾਲਾਪ ਕਰ ਲੈਣਾ। ਸਾਧੂਆ ਪੁੱਛਿਆ ਕਿ ਰਾਤ ਰਹਿਣ ਦਾ ਏਥੇ ਇੰਤਜਾਮ ਹੈ? ਸਿੱਖਾਂ ਦੱਸਿਆ ਕਿ ਜਿੱਥੇ ਅਸੀ ਸੌਵਾਂਗੇ ਓਥੇ ਤੁਸੀ ਵੀ ਨਾਲ ਪੈ ਜਾਣਾ। ਧਰਮਸਾਲ ਵਿੱਚ ਵਾਧੂ ਥਾ ਹੈ।

ਲੌਢੇ ਵੇਲੇ ਦਾ ਦੀਵਾਨ ਸ਼ੁਰੂ ਹੋਇਆ। ਗੁਰੂ ਸਾਹਿਬ ਨੇ ਆਏ ਸਾਧੂਆਂ ਨੂੰ ਨਮਸਕਾਰ ਕੀਤੀ। ਸੁੱਖ ਸਾਂਦ ਪੁੱਛੀ। ਆਪਸ ਵਿੱਚ ਜਾਣ ਪਛਾਣ ਵੀ ਕੀਤੀ। ਕਿਉਕਿ ਗੁਰੂ ਸਾਹਿਬ ਹਿੰਦੁਸਤਾਨ ਦੇ ਸਾਰੇ ਤੀਰਥ ਤਾਂ ਗਾਹ ਆਏ ਸਨ। ਬਹੁਤੇ ਚਕ੍ਰਵਰਤੀ ਸਾਧੂ ਉਂਜ ਵੀ ਗੁਰੂ ਸਾਹਿਬ ਨੂੰ ਜਾਣਦੇ ਹੀ ਸਨ।

ਸਾਧੂਆਂ ਨੇ ਕਿਹਾ, "ਨਾਨਕ ਜੀ ਆਪ ਨੇ ਤੋ ਕਮਾਲ ਕਰ ਦੀਆ। ਜੰਗਲ ਮੇਂ ਮੰਗਲ ਲੱਗਾ ਰੱਖਾ ਹੈ" ਲੱਗੇ ਮਹੌਲ ਦੀ ਉਪਮਾ ਕਰਨ। ਕਿਤੇ ਲਹਿ ਲਹਾਉਦੇ ਕਣਕ ਦੇ ਖੇਤ। ਕਿਤੇ ਸਰੋਂ ਨੇ ਖੱਟਾ ਰੰਗ ਖਲਾਰਿਆ ਹੋਇਆ ਸੀ। ਸਰਕੜੇ ਦੇ ਚਿੱਟੇ ਫੁਲਾਂ ਨੇ ਇਉ ਸਾਰਾ ਮਹੌਲ ਚਾਂਦਨੀ ਕੀਤਾ ਹੋਇਆ ਹੈ। ਇਕ ਬਸੰਤ ਦਾ ਮੌਸਮ ਤੇ ਦੂਸਰਾ ਮੰਡ ਦਾ ਇਲਾਕਾ ਸਾਧੂ ਤਾਂ ਮਹੌਲ ਵੇਖ ਹੀ ਵਿਸਮਾਦਿਤ ਹੋਈ ਜਾ ਰਹੇ ਸਨ।

ਗੁਰੂ ਸਾਹਿਬ ਨੇ ਸਾਧੂਆਂ ਨੂੰ ਬੇਨਤੀ ਕੀਤੀ ਕਿ ਗੋਬਿੰਦ ਜਨੋਂ ਕੀ ਹੁਕਮ ਲੈ ਕੇ ਆਏ ਹੋ? ਅੱਗੋ ਸਾਧੂਆ ਕਿਹਾ ਬਾਬਾ ਜੀ ਅਸੀ ਤੁਹਾਡਾ ਉਪਦੇਸ਼ ਸੁਣਨਾ ਚਾਹੁੰਦੇ ਹਾਂ। ਕਿਉਕਿ ਅਸੀ ਜਾਣਦੇ ਹਾਂ ਕੋਈ ਮਹਾ ਪੁਰਖ ਕਹਿੰਦਾ ਸਾਲਗ੍ਰਾਮ (ਪੱਥਰ ਦਾ ਲਿੰਗ) ਦੀ ਪੂਜਾ ਕਰੋ। ਕੋਈ ਕਹਿੰਦਾ ਦਮੋਦਰ ਜੀ ਨੂੰ ਧਿਆਓ, ਕੋਈ ਦੇਵਾਲੇ ਜਾਣ ਵਾਸਤੇ ਜੋਰ ਪਾਉਦਾ, ਕੋਈ ਕਹਿੰਦਾ ਦੇਵੀ ਦੇ ਦਰ ਜਾਇਆ ਕਰੋ। ਕੋਈ ਕਹਿੰਦਾ ਬੰਦੇ ਦੇ ਮਨ ਵਿੱਚ ਹੀ ਠਾਕੁਰ ਹੈ ਉਸ ਦੀ ਅਰਾਧਨਾ ਕਰੋ।

ਸੋ ਬਾਬਾ ਜੀ ਦੱਸੋ ਕਿਹੜੇ ਰੱਬ ਦੀ ਪੂਜਾ ਕਰੀਏ? ਉਹਦੀ ਮੂਰਤੀ ਕਿਹੋ ਜਿਹੀ ਬਣਾਈ ਜਾਏ?

ਗੁਰੂ ਸਾਹਿਬ ਉਨਾਂ ਦੇ ਸਵਾਲ ਸੁਣ ਕੇ ਮੁਸਕਰਾਏ। ਗੁਰੂ ਸਾਹਿਬ ਨੇ ਉਨਾਂ ਦੇ ਸਵਾਲ ਨੂੰ ਅਣਸੁਣਿਆ ਕਰਕੇ ਉਨਾ ਨੂੰ ਪੁੱਛ ਲਿਆ ਕਿ ਕਿਵੇ ਲੱਗ ਰਿਹਾ ਹੈ ਇਥੇ? ਉਹ ਲੱਗ ਪਏ ਤਾਰੀਫਾਂ ਕਰਨ।

ਗੁਰੂ ਸਾਹਿਬ ਨੇ ਸਾਧੂਆਂ ਨੂੰ ਪੁੱਛਿਆ ਕਿ ਉਹ ਸਰ੍ਹੋ ਕਿਸ ਨੇ ਬਣਾਈ ਹੈ? ਉਹ ਸਰਕੜੇ ਦੇ ਚਿੱਟੇ ਫੁੱਲ ਕਿਸ ਨੇ ਲਾਏ ਨੇ? ਉਹ ਮੈਂ ਨਹੀ ਲਾਏ। ਸਾਧੂ ਕਹਿਣ ਲੱਗੇ ਹਾਂ ਉਹ ਸਭ ਭਗਵਾਨ ਦੀ ਕਿਰਪਾ ਹੈ।

ਗੁਰੂ ਸਾਹਿਬ ਨੇ ਕਿਹਾ ਜਦੋਂ ਸਾਨੂੰ ਪਤਾ ਹੈ ਕਿ ਸ੍ਰਿਸਟੀ ਉਸ ਦੀ ਰਚਨਾ ਹੈ ਤਾਂ ਫਿਰ ਉਸ ਵਾਸਤੇ ਦੂਸਰੀ ਮੂਰਤੀ ਕਿਓ ਬਣਾਈਏ? ਕਿਉ ਨਾਂ ਉਹਦੀ ਰਚਨਾਂ ਵਿਚੋਂ ਹੀ ਲੱਭੀਏ? ਜਦੋਂ ਸਾਡੇ ਕੋਲ ਉਹਦੀ ਬਣਾਈ ਮੂਰਤ ਹੈਗੀ ਆ ਤਾਂ ਸਾਨੂੰ ਦੂਸਰੀਆਂ ਮੂਰਤੀਆਂ ਘੜਨ ਦੀ ਕੀ ਜਰੂਰਤ?

ਸਾਧੂ ਇਸ਼ਾਰਾ ਸਮਝ ਗਏ। ਸਾਰੇ ਬੋਲ ਉਠੇ ਧੰਨ ਗੁਰੂ ਨਾਨਕ! ਧੰਨ ਬਾਬਾ ਨਾਨਕ!!

ਮਰਦਾਨਾ ਤਾਂ ਪਹਿਲਾਂ ਹੀ ਗੁਰੂ ਸਾਹਿਬ ਨੇ ਇਸ਼ਾਰੇ ਦੀ ਉਡੀਕ ਵਿੱਚ ਸੀ। ਸਾਹਿਬ ਨੇ ਜਦੋਂ ਉਸ ਵਲ ਤੱਕਿਆ ਮਰਦਾਨੇ ਨੇ ਝੱਟ ਬਸੰਤ ਦੀ ਧੁੰਨ ਖਿੱਚ ਦਿੱਤੀ।

ਮਹਲਾ ੧ ਬਸੰਤੁ ॥ ਰੁਤਿ ਆਈਲੇ ਸਰਸ ਬਸੰਤ ਮਾਹਿ ॥ ਰੰਗਿ ਰਾਤੇ ਰਵਹਿ ਸਿ ਤੇਰੈ ਚਾਇ ॥ ਕਿਸੁ ਪੂਜ ਚੜਾਵਉ ਲਗਉ ਪਾਇ ॥੧॥ ਤੇਰਾ ਦਾਸਨਿ ਦਾਸਾ ਕਹਉ ਰਾਇ ॥ ਜਗਜੀਵਨ ਜੁਗਤਿ ਨ ਮਿਲੈ ਕਾਇ ॥੧॥ ਰਹਾਉ ॥ ਤੇਰੀ ਮੂਰਤਿ ਏਕਾ ਬਹੁਤੁ ਰੂਪ ॥ ਕਿਸੁ ਪੂਜ ਚੜਾਵਉ ਦੇਉ ਧੂਪ ॥ ਤੇਰਾ ਅੰਤੁ ਨ ਪਾਇਆ ਕਹਾ ਪਾਇ ॥ ਤੇਰਾ ਦਾਸਨਿ ਦਾਸਾ ਕਹਉ ਰਾਇ ॥੨॥ ਤੇਰੇ ਸਠਿ ਸੰਬਤ ਸਭਿ ਤੀਰਥਾ ॥ ਤੇਰਾ ਸਚੁ ਨਾਮੁ ਪਰਮੇਸਰਾ ॥ ਤੇਰੀ ਗਤਿ ਅਵਿਗਤਿ ਨਹੀ ਜਾਣੀਐ ॥ ਅਣਜਾਣਤ ਨਾਮੁ ਵਖਾਣੀਐ ॥੩॥ ਨਾਨਕੁ ਵੇਚਾਰਾ ਕਿਆ ਕਹੈ ॥ ਸਭੁ ਲੋਕੁ ਸਲਾਹੇ ਏਕਸੈ ॥ ਸਿਰੁ ਨਾਨਕ ਲੋਕਾ ਪਾਵ ਹੈ ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥੪॥੨॥

ਗੁਰੂ ਸਾਹਿਬ ਨੇ ਫਿਰ ਵਿਆਖਿਆ 'ਚ ਦੱਸਿਆ। ਉਹਦੀ ਰਚਨਾ ਹੀ ਨਿਰੰਕਾਰ ਦਾ ਅਸਲੀ ਰੂਪ ਹੈ। ਮਤ ਪੱਥਰ ਘੜ ਘੜ ਕੇ ਨਕਲੀ ਰੂਪ ਬਣਾਓ। ਉਹਦੀ ਰਚਨਾ ਨਾਲ ਪਿਆਰ। ਜੀਆਂ ਨਾਲ ਮੁਹੱਬਤ। ਵਣੱਸਪਤੀ ਦੀ ਕਦਰ।

----◆-----

## ਕਰਮ ਕਾਂਡ ਫਜ਼ੂਲ ਨੇ। ਕਰਤੇ ਨੂੰ ਦਿਲੋਂ ਯਾਦ ਕੀਤਾ ਹੀ ਪਰਵਾਨ ◉

ਗੁਰੂ ਸਾਹਿਬ ਕਰਤਾਰਪੁਰ ਬਿਰਾਜਮਾਨ ਸਨ ਕਿ ਸਾਧੂਆਂ ਨੇ ਫਿਰ ਸਵਾਲ ਜਵਾਬ ਸ਼ੁਰੂ ਕਰ ਦਿੱਤੇ। ਅੱਜ ਸਵਾਲ ਇਹ ਕੀਤਾ ਕਿ ਕਈ ਲੋਕ ਅਕਾਲ ਪੁਰਖ ਨਾਲ ਮੇਲ ਲਈ ਤਪ ਕਰਦੇ ਹਨ, ਕਈ ਜਪ ਕਰਦੇ ਨੇ, ਕੋਈ ਵੱਡਾ ਸੰਜਮੀ ਬਣਦਾ ਹੈ, ਕੋਈ ਕਹਿੰਦਾ ਕਿ ਬੰਦਾ ਬਸ ਸਬਰ ਸੰਤੋਖੀ ਹੋ ਜਾਵੇ, ਕਈ ਲੋਕ ਵਰਤ ਰੱਖਦੇ ਨੇ ਅਤੇ ਭੁੱਖੇ ਰਹਿੰਦੇ ਨੇ, ਕਈ ਬ੍ਰਹਮਚਾਰੀ ਬਣ ਜਾਂਦੇ ਨੇ ਤੇ ਇੰਦਰੀਆਂ ਤੇ ਕਾਬੂ ਪਾਉਣ ਲਈ ਜੱਦੋਜਹਿਦ ਕਰਦੇ ਨੇ, ਕਈ ਧਰਮਸਾਲਾ ਬਣਾ ਕੇ ਬਹਿ ਜਾਂਦੇ ਨੇ, ਕੋਈ ਰੱਬ ਦੇ ਨਾਂ ਤੇ ਨੱਚਦਾ ਹੇ, ਕੋਈ ਤੀਰਥ ਯਾਤਰਾ ਕਰਦਾ ਹੈ, ਕੋਈ ਹੱਠ ਜਾਂ ਜਿੱਦ ਕਰਕੇ ਹੀ ਬਹਿ ਜਾਂ ਖਲੋ ਜਾਂਦਾ ਹੈ, ਕਈ ਸਾਹ ਦੇ ਅੰਦਰ-ਬਾਹਰ ਨਿਕਲਣ ਤੇ ਧਿਆਨ ਲਾ ਕੇ ਸਾਹ ਕੰਟਰੋਲ ਕਰਦਾ ਹੈ, ਕੋਈ ਘਰ ਬਾਹਰ ਹੀ ਛੱਡ ਜਾਂਦਾ ਹੈ, ਕੋਈ ਨੰਗਾ ਹੀ ਹੋ ਜਾਂਦਾ ਹੈ, ਕਈ ਸਿਰਫ ਦੁਧਾਧਾਰੀ ਭਾਵ ਦੁੱਧ ਦੇ ਆਸਰੇ ਹੀ ਜੀਣ ਲੱਗ ਜਾਂਦੇ ਨੇ ਅਤੇ ਹੋਰ ਕੁਝ ਖਾਂਦੇ ਹੀ ਨਹੀ ਹਨ, ਕੋਈ ਆਪਣੇ ਆਪ ਸਿੱਧ ਕਹਾਉਦਾ ਹੈ, ਕੋਈ ਦਿਗੰਬਰ ਜੈਨੀ ਬਣ ਜਾਂਦਾ ਹੈ, ਕੋਈ ਕਹਿੰਦਾ ਮੈਂ ਗਿਆਨ ਲੈ ਲਿਆ ਅਤੇ ਕੋਈ

ਕਹਿੰਦਾ ਮੈਂ ਸ਼ੇਖ ਹਾਂ। ਮਤਲਬ ਇਸ ਤਰਾ ਦੇ ਅਨੇਕਾਂ ਫਿਰਕੇ ਹਨ ਅਤੇ ਨਿਰੰਕਾਰ ਦੇ ਵੱਖ ਵੱਖ ਰਾਹ ਅਖਤਿਆਰ ਕੀਤੇ ਹੋਏ ਨੇ ਲੋਕਾਂ ਨੇ। ਪਰ ਗੁਰੂ ਜੀ ਕਿਰਪਾ ਕਰੋ ਤੇ ਇਹ ਦੱਸੋ ਕਿ ਪਰਮੇਸ਼ਰ ਪ੍ਰਾਪਤੀ ਦਾ ਸਭ ਤੋਂ ਵਧੀਆ ਤਰੀਕਾ ਕਿਹੜਾ ਹੈ।

ਗੁਰੂ ਸਾਹਿਬ ਨੇ ਸਾਧੂਆਂ ਨੂੰ ਸਮਝਾਇਆ ਕਿ ਰੱਬ ਨੂੰ ਖੁਸ਼ ਕਰਨ ਦਾ ਓਹੋ ਤਰੀਕਾ ਹੈ ਜਿਸ ਤਰੀਕੇ ਅਸੀ ਕਿਸੇ ਇਨਸਾਨ ਨੂੰ ਖੁਸ਼ ਕਰ ਸਕਦੇ ਹਾਂ। ਭਾਵ ਸਿਫਤ ਸਲਾਹ : ਅਗਲੇ ਦੀ ਵਡਿਆਈ ਕਰਨੀ ਤੇ ਦਿਲੋਂ ਮੁਹੱਬਤ ਕਰਨੀ। ਆਪਾਂ ਲੱਖ ਕਰਮ ਕਾਂਡ ਕਰੀ ਜਾਈਏ ਜੇ ਦਿਲ ਵਿੱਚ ਮੁਹੱਬਤ ਨਹੀ ਜਾਗੀ ਤਾਂ ਸਭ ਵਿਅੱਰਥ।

ਜਦੋਂ ਤੁਸੀ ਕਿਸੇ ਦੀ ਵਡਿਆਈ ਕਰਦੇ ਹੋ ਤਾਂ ਉਹਦੀ ਸਿਫਤ ਵਿੱਚ ਗੀਤ ਵੀ ਗਾਉਦੇ ਹੋ। ਸੋ ਉਹਦੀ ਯਾਦ ਵਿੱਚ ਗਾਉਣਾ ਵੀ ਚੰਗਾ ਤਰੀਕਾ ਹੈ।

ਗੁਰੂ ਸਾਹਿਬ ਨੇ ਫਿਰ ਆਸਾ ਰਾਗ ਵਿੱਚ ਸਬਦ ਗਾਵਿਆ:-

ਆਸਾ ਮਹਲਾ ੧ ॥ ਮੈ ਗੁਣ ਗਲਾ ਕੇ ਸਿਰਿ ਭਾਰ ॥ ਗਲੀ ਗਲਾ ਸਿਰਜਣਹਾਰ ॥ ਖਾਣਾ ਪੀਣਾ ਹਸਣਾ ਬਾਦਿ ॥ ਜਬ ਲਗੁ ਰਿਦੈ ਨ ਆਵਹਿ ਯਾਦਿ ॥੧॥ ਤਉ ਪਰਵਾਹ ਕੇਹੀ ਕਿਆ ਕੀਜੈ ॥ ਜਨਮਿ ਜਨਮਿ ਕਿਛੁ ਲੀਜੀ ਲੀਜੈ ॥੧॥ ਰਹਾਉ ॥ ਮਨ ਕੀ ਮਤਿ ਮਤਾਗਲੁ ਮਤਾ ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥ ਕਿਆ ਮੁਹੁ ਲੈ ਕੀਚੈ ਅਰਦਾਸਿ ॥ ਪਾਪੁ ਪੁੰਨੁ ਦੁਇ ਸਾਖੀ ਪਾਸਿ ॥੨॥ ਜੈਸਾ ਤੂੰ ਕਰਹਿ ਤੈਸਾ ਕੋ ਹੋਇ ॥ ਤੁਝ ਬਿਨੁ ਦੂਜਾ ਨਾਹੀ ਕੋਇ ॥ ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ ॥ ਤੁਧੁ ਆਪੇ ਭਾਵੈ ਤਿਵੈ ਚਲਾਵੈ ॥੩॥ ਰਾਗ ਰਤਨ ਪਰੀਆ ਪਰਵਾਰ ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥ ਨਾਨਕ ਕਰਤੇ ਕਾ ਇਹੁ ਧਨੁ ਮਾਲੁ ॥ ਜੇ ਕੋ ਬੂਝੈ ਏਹੁ ਬੀਚਾਰੁ ॥੪॥੯॥

----◈-----

## ਜਦੋਂ ਸਾਧੂਆਂ ਗੁਰੂ ਸਾਹਿਬ ਦੀ ਤਾਰੀਫ ਕਰ ਦਿੱਤੀ■

ਗੁਰੂ ਸਾਹਿਬ ਦਾ ਵਖਿਆਨ ਸੁਣ ਜਦੋਂ ਕੋਈ ਗੁਰੂ ਸਾਹਿਬ ਦੀ ਸੋਭਾ ਕਰ ਦਿੰਦਾ ਤਾਂ ਸਾਹਿਬ ਵੈਰਾਗ ਵਿੱਚ ਆ ਫਿਰ ਨਿਰੰਕਾਰ ਨੂੰ ਯਾਦ ਕਰਨ ਲੱਗ ਜਾਂਦੇ ਤੇ ਦੁਹਾਈ ਦਿੰਦੇ ਕਿ ਸਾਡੀ ਕਾਹਦੀ ਸਿਫਤ, ਸਿਫਤ ਕਰਨੀ ਹੈ ਤਾਂ ਰੱਬ ਦੀ ਕਰੋ। ਏਸੇ ਤਰਾਂ ਇਕ ਦਿਨ ਸਾਂਧੂਆ ਨੇ ਸਾਹਿਬ ਦੀ ਜਦੋਂ ਉਸਤਤ ਕਰ ਦਿੱਤੀ ਤਾਂ ਗੁਰੂ ਸਾਹਿਬ ਨੇ ਝੱਟ ਮਰਦਾਨੇ ਨੂੰ ਸੁਚੇਤ ਕਰਕੇ ਸ਼ਬਦ ਰਚਿਆ ਤੇ ਗਾਵਿਆ ਜਿਸ ਵਿੱਚ ਦੀਵਾਨ ਦੇ ਸਾਰੇ ਜੀਅ ਸ਼ਾਮਲ ਹੋਏ।

ਸੋਰਠਿ ਮਹਲਾ ੧ ॥ ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ ॥ ਅੰਮ੍ਰਿਤੁ ਚਾਖਿ ਪਰਮ ਰਸਿ ਰਾਤੇ ਠਾਕੁਰ ਸਰਣਿ ਤੁਮਾਰੀ ॥੧॥ ਕਰਤਾ ਤੂ ਮੈ ਮਾਣੁ ਨਿਮਾਣੇ ॥ ਮਾਣੁ ਮਹਤੁ ਨਾਮੁ ਧਨੁ ਪਲੈ ਸਾਚੈ ਸਬਦਿ ਸਮਾਣੇ ॥ ਰਹਾਉ ॥ ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ ॥ ਤੁਝ ਹੀ ਮਨ ਰਾਤੇ ਅਹਿਨਿਸਿ ਪਰਭਾਤੇ ਹਰਿ ਰਸਨਾ ਜਪਿ ਮਨ ਰੇ ॥੨॥ ਤੁਮ ਸਾਚੇ ਹਮ ਤੁਮ ਹੀ ਰਾਚੇ ਸਬਦਿ ਭੇਦਿ ਫੁਨਿ ਸਾਚੇ ॥ ਅਹਿਨਿਸਿ ਨਾਮਿ ਰਤੇ ਸੇ ਸੂਚੇ ਮਰਿ ਜਨਮੇ ਸੇ ਕਾਚੇ ॥੩॥ ਅਵਰੁ ਨ ਦੀਸੈ ਕਿਸੁ ਸਾਲਾਹੀ ਤਿਸਹਿ ਸਰੀਕੁ ਨ ਕੋਈ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਗੁਰਮਤਿ ਜਾਨਿਆ ਸੋਈ ॥੪॥

----◈-----

## ਇਕੱਠੇ ਹੋ ਪੰਡਤਾਂ ਨੇ ਆ ਸਵਾਲ ਕੀਤਾ, "ਬਾਬਾ ਸੁਣਿਐ ਤੂੰ ਅਵਤਾਰਾਂ ਨੂੰ ਨਹੀ ਮੰਨਦਾ" •

ਜਦੋਂ ਬ੍ਰਾਹਮਣ ਕਰਤਾਰਪੁਰ ਸਾਹਿਬ ਆਏ ਤਾਂ ਗੁੱਸੇ ਵਿਚ ਸਨ। ਉਹਨਾਂ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦੱਸ ਅਵਤਾਰ ਦੇ ਸਿਧਾਂਤ ਨੂੰ ਨਹੀ ਮੰਨਦਾ। ਦੂਸਰੇ ਪਾਸੇ ਗੀਤਾ ਕਹਿੰਦੀ ਹੈ ਕਿ ਇਕ ਵੇਰਾਂ ਭਗਵਾਨ ਨੇ ਕਿਹਾ ਸੀ:

"ਯਦਾ ਯਦਾ ਹੀ ਧਰਮੱਸਿਆ, ਗਲਾਨੀਰ ਭਵਤੀ ਭਾਰਤ॥ ਅਭਿਉਤਥਾਨਮ ਅਧ੍ਰਮੱਸਿਆ ਤਦਤਮਾਨਾਮ ਸਰਜਮੇ ਅਹੁੰਮ॥"

ਮਤਲਬ ਐ ਭਾਰਤ! ਜਦੋਂ ਜਦੋਂ ਧਰਮ ਦੀ ਹਾਨੀ ਹੁੰਦੀ ਹੈ ਤਾਂ ਅਧਰਮ ਦਾ ਨਾਸ ਕਰਨ ਲਈ ਮੈਂ ਜਨਮ ਲੈਂਦਾ ਹਾਂ।

ਇਸ ਤੇ ਗੁਰੂ ਸਾਹਿਬ ਨੇ ਅਖੌਤੀ ਅਵਤਾਰਾਂ ਦੀ ਅਸਲੀਅਤ ਦੇ ਬਖੇੜੇ ਭਰੀ ਸੰਗਤ ਵਿਚ ਉਦੇੜੇ।

ਮਿਸਾਲ ਦੇ ਤੌਰ ਤੇ ਸਾਹਿਬ ਨੇ ਸਵਾਲ ਕੀਤਾ ਕਿ ਮੈਨੂੰ ਇਹ ਦੱਸੋ ਕਿ ਵੱਡਾ ਕੌਣ ਹੈ ਜਿਸ ਨੇ ਇਹ ਸਾਰੀ ਕਾਇਨਾਤ ਇਹ ਧਰਤੀ, ਪੌਣ, ਪਾਣੀ, ਬਨਾਸਪਤੀ ਤੇ ਜੀਵਾਂ ਦੀ ਰਚਨਾ ਕੀਤੀ ਤੇ ਦੂਸਰੇ ਪਾਸੇ ਉਹ ਇਨਸਾਨ (ਰਾਮ) ਜਿਸ ਨੇ ਰਾਵਣ ਨੂੰ ਮਾਰਿਆ ਸੀ। ਸਾਹਿਬ ਨੇ ਏਸੇ ਤਰਾਂ ਫਿਰ ਭਗਵਾਨ ਕ੍ਰਿਸ਼ਨ, ਜਾਂ ਬ੍ਰਹਮਾ ਆਦਿ ਦੇ ਕਾਰਨਾਮੇ ਗਿਣਾ ਗਿਣਾ ਕੇ ਦੱਸਿਆ ਕਿ ਸਰਬਵਿਆਪਕ ਅਕਾਲਪੁਰਖ ਨਾਲ ਇਹਨਾਂ ਦਾ ਕੀ ਮੁਕਾਬਲਾ? ਸਾਹਿਬ ਨੇ ਕਿਹਾ ਹਾਂ ਮੈਂ ਉਸ ਨਿਰੰਕਾਰ ਦਾ ਉਪਾਸ਼ਕ ਹਾਂ ਜਿਸ ਨੇ ਸਾਰੇ ਜੀਵ ਜੰਤੂ ਪੈਦਾ ਕੀਤੇ ਹਨ ਇਥੋਂ ਤਕ ਕਿ ਤੁਹਾਡੇ ਅਖੌਤੀ ਅਵਤਾਰ ਵੀ। ਕਿਉਕਿ ਇਹਨਾਂ ਅਖੌਤੀ ਅਵਤਾਰਾਂ ਦੇ ਕੁਝ ਕਾਲੇ ਕਾਰਨਾਮੇ ਵੀ ਹੈਨ ਅਤੇ ਜਦੋਂ ਗੁਰੂ ਸਾਹਿਬ ਨੇ ਉਹ ਸਾਰੀਆਂ ਗੱਲਾਂ ਵਿਦਵਾਨ ਪੰਡਤਾਂ ਨੂੰ ਬੜੇ ਪ੍ਰੇਮ ਨਾਲ ਸੁਣਾਈਆ ਤਾਂ ਉਹ ਲਾ ਜਵਾਬ ਸਨ। ਸਾਹਿਬ ਨੇ ਉਹਨਾਂ ਨੂੰ ਸਮਝਾਇਆ ਕਿ ਜਾਂ ਤਾਂ ਇਹ ਪਾਖੰਡਵਾਦ ਛੱਡੋ ਨਹੀ ਤਾਂ ਲੋਕਾਂ ਨੇ ਤੁਹਾਨੂੰ ਛੱਡ ਜਾਣਾ ਹੈ। ਸਾਹਿਬ ਦਾ ਹੋ ਸਕਦਾ ਇਸ਼ਾਰਾ ਵੱਧ ਫੈਲ ਰਹੇ ਇਸਲਾਮ ਵਲ ਸੀ। ਓਦੋਂ ਕਰਤਾਰਪੁਰ ਵਿਖੇ ਫਿਰ ਇਹ ਸ਼ਬਦ ਗਾਇਆ:

ਆਸਾ ਮਹਲਾ ੧ ॥ ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥ ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ ॥੧॥ ਕਿਆ ਉਪਮਾ ਤੇਰੀ ਆਖੀ ਜਾਇ ॥ ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ॥੧॥ ਰਹਾਉ ॥ ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ ॥ ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ ॥੨॥ ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥ ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ ॥੩॥ ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ ॥ ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ॥

ਅੱਜ ਇਤਹਾਸਕਾਰਾਂ ਨੇ ਸਾਬਤ ਕੀਤਾ ਹੈ ਕਿ ਅਖੌਤੀ ਅਵਤਾਰ ਵੱਖ ਵੱਖ ਸਮਿਆਂ ਵਿਚ ਹੋਏ ਰਾਜੇ ਸਨ। ਪੜ ਕੇ ਹੈਰਾਨੀ ਹੁੰਦੀ ਹੈ ਕਿ ਪੰਚਮ ਨਾਨਕ ਨੇ ਪਹਿਲਾਂ ਹੀ ਇਹ ਗਲ ਦੱਸ ਦਿੱਤੀ ਸੀ।

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥
ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ॥

----◈----

## ਸਾਧੂਆਂ ਪੁੱਛਿਆ, "ਕੁਝ ਲੋਕ ਚੰਗਾ ਖਾਂਦੇ ਪੀਂਦੇ, ਪਹਿਨਦੇ, ਮਸਤ ਰਹਿੰਦੇ ਨੇ। ਅੱਗਾ ਕਿਹਨੇ ਵੇਖਿਐ?"○

ਸਾਧੂਆਂ ਦੇ ਇਸ ਸਵਾਲ ਤੇ ਕਿ ਜਿਹੜੇ ਲੋਕ ਖਾਂਦੇ ਪੀਂਦੇ ਖੁਸ਼ੀ ਖੁਸ਼ੀ ਜਿੰਦਰੀ ਬਿਸਾਰ ਰਹੇ ਨੇ ਉਹਨਾਂ ਦਾ ਭਵਿਖ ਕੀ? ਸਾਹਿਬ ਨੇ ਫਰਮਾਇਆ ਕਿ ਕਰਤਾ ਪੁਰਖ ਨਿਰੰਕਾਰ ਨੇ ਸ੍ਰਿਸਟੀ ਵਿਚ ਵੰਨਗੀ ਪੈਦਾ ਕੀਤੀ ਹੈ। ਇਹ ਲੋਕ ਜਿਹੜੇ ਨਿਸਚਿੰਤ ਹੋ ਕੇ ਜੀਵਨ ਜੀਅ ਰਹੇ ਨੇ ਪਸ਼ੂਆਂ ਦੀ ਨਿਆਈ ਹਨ। ਜਿੰਨਾਂ ਨੂੰ

ਨਿਰੰਕਾਰ ਦੀ ਹੋਂਦ ਦੀ ਸੋਝੀ ਨਹੀ ਹੁੰਦੀ। ਇਹ ਸੱਚ ਹੈ ਕੁਝ ਲੋਕ ਅਜਿਹੇ ਹੁੰਦੇ ਹਨ ਉਹ ਜੀਵਨ ਬਾਰੇ ਸੋਚਦੇ ਹੀ ਨਹੀ ਹਨ। ਦੂਸਰੇ ਪਾਸੇ ਉਹ ਇਨਸਾਨ ਹਨ ਜੋ ਜੀਵਨ ਅਤੇ ਮੌਤ ਬਾਰੇ ਮਨ ਹੀ ਮਨ ਵਿਚ ਵੀਚਾਰ ਕਰਦੇ ਹਨ। ਇਹਨਾਂ ਵੀਚਾਰਾਂ ਉਪਰੰਤ ਫਿਰ ਉਹਨਾਂ ਨੂੰ ਨਾਮ ਦੀ ਸੋਝੀ ਪੈਂਦੀ ਹੈ। ਨਾਮ ਧਿਆਵਣ ਉਪਰੰਤ ਜਿਹੜੀ ਅਨੰਦ ਦੀ ਅਵਸਥਾ ਪ੍ਰਾਪਤ ਹੁੰਦੀ ਹੈ ਉਹ ਸਦੀਵੀ ਹੁੰਦੀ ਹੈ ਜਦੋਂ ਕਿ ਪਸ਼ੂ ਬਿਰਤੀ ਵਾਲੇ ਲੋਕ ਕਦੀ ਬਹੁਤ ਦੁਖੀ ਤੇ ਕਦੀ ਬਹੁਤ ਸੁਖੀ ਹੋ ਜਾਂਦੇ ਹਨ। ਮਿਸਾਲ ਦੇ ਤੌਰ ਤੇ ਪਸ਼ੂ ਬ੍ਰਿਤੀ ਵਾਲੇ ਲੋਕਾਂ ਦੇ ਪ੍ਰਵਾਰ ਵਿਚ ਜਦੋਂ ਮੌਤ ਫੇਰਾ ਪਾਉਂਦੀ ਹੈ ਤਾਂ ਇਹ ਪੂਰੀ ਤਰਾਂ ਟੁੱਟ ਜਾਂਦੇ ਹਨ ਜਦੋਂ ਕਿ ਗਿਆਨੀ ਪੁਰਖ ਉਹਦੇ ਭਾਣੇ ਵਿਚ ਖੁਸ਼ ਹੀ ਹੁੰਦੇ ਹਨ। ਸਾਹਿਬ ਨੇ ਇਸ ਮੌਕੇ ਸ਼ਬਦ ਕਿਹਾ:-

ਸਿਰੀਰਾਗੁ ਮਹਲਾ ੧ ॥ ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥ ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥ ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ ॥੧॥ ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥ ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ ਰਹਾਉ ॥ ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ ॥ ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥ ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥੨॥ ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ ॥ ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ ॥ ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ ॥੩॥ ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ॥ ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥ ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ॥੪॥ ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥ ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥ ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥੫॥੧੩॥

----◈-----

## ਰਚਨਾ ਨੂੰ ਹੀ ਰੱਬ ਦਾ ਸਰੀਰ ਸਮਝੋ▫

ਇਕ ਵੇਰਾਂ ਕਰਤਾਰਪੁਰ ਵਿਖੇ ਹੀ ਸਾਹਿਬ ਬਿਰਾਜਮਾਨ ਸਨ ਕਿ ਦੋ ਤਿੰਨ ਬਹੁਤ ਹੀ ਗਿਆਨਵਾਨ ਪੜ੍ਹੇ ਲਿਖੇ ਗ੍ਰਿਸਤੀ ਬੰਦੇ ਆ ਹਾਜਿਰ ਹੋਏ। ਇਕ ਕਹਿਣ ਲੱਗਾ ਕਿ ਬਾਬਾ ਜੀ ਸੁਣੀਦਾ ਤੁਹਾਡੇ ਤੇ ਪਰਮੇਸ਼ਰ ਬੜਾ ਮਿਹਰਬਾਨ ਹੈ। ਅਸੀ ਨਿਰੰਕਾਰ ਬਾਰੇ ਵਿਚਾਰਾਂ ਕਰਦਿਆਂ ਜ਼ਿੰਦਗੀ ਕੱਢ ਦਿੱਤੀ ਹੈ ਕਿ ਉਹ ਕਿਹੋ ਜਿਹਾ ਹੋਵੇਗਾ? ਬੜੇ ਸਾਧੂ ਸੰਤਾਂ ਨਾਲ ਵੀ ਗੱਲਾਂ ਬਾਤਾਂ ਹੁੰਦੀਆਂ ਰਹਿੰਦੀਆਂ ਨੇ ਕਿਸੇ ਨੇ ਵੀ ਇਹ ਨਹੀ ਦੱਸਿਆ ਕਿ ਰੱਬ ਦੀ ਸ਼ਕਲ ਸੂਰਤ ਕਿਹੋ ਜਿਹੀ ਹੈ?

ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਅਜਿਹੇ ਵਿਦਵਾਨ ਦੇ ਆਉਣ ਤੇ ਬਹੁਤ ਖੁਸ਼ ਹੁੰਦੇ ਸਨ। ਉਨ੍ਹਾਂ ਨਮਸਕਾਰਾਂ ਕਰਦੇ ਸਨ ਕਿਉਕਿ ਕਰਤਾਰਪੁਰ ਜਿਆਦਾਤਰ ਲੋਕ ਆਪਣੇ ਦੁਨਿਆਵੀ ਮਸਲੇ ਲੈ ਲੈ ਆਇਆ ਕਰਦੇ ਸਨ। ਪ੍ਰਮੇਸ਼ਰ ਦਾ ਖੋਜੀ ਕੋਈ ਵਿਰਲਾ ਹੀ ਹੁੰਦਾ ਸੀ। ਗੁਰੂ ਸਾਹਿਬ ਨੇ ਅਜਿਹੇ ਜਗਿਆਸੂ ਦੀ ਭਰੇ ਦੀਵਾਨ ਤਾਰੀਫ ਕੀਤੀ।

ਗੁਰੂ ਸਾਹਿਬ ਨੇ ਸਾਰੀ ਸੰਗਤ ਨੂੰ ਦੱਸਿਆ ਕਿ ਭਾਈ ਇਹ ਸਾਰੀ ਰਚਨਾ, ਸਾਰੀ ਸ੍ਰਿਸਟੀ, ਇਹ ਬ੍ਰਿਹਮੰਡ ਸਭ ਉਸ ਰੱਬ ਦਾ ਹੀ ਰੂਪ ਹੈ। ਇਹ ਹੀ ਉਸ ਦਾ ਸਰੀਰ ਹੈ। ਇਸ ਰਚਨਾ ਤੋਂ ਜੋ ਅਵਾਜਾ ਪੈਦਾ ਹੋ ਰਿਹਾ ਹੈ, ਇਹ ਹੀ ਉਸ ਦੇ ਬੋਲ ਨੇ। ਸਭ ਪਾਸੇ ਉਸ ਏਕੇ ਦਾ ਹੀ ਪਸਾਰਾ ਹੈ।

ਕਿਤੇ ਜੀਵ ਮਰ ਰਿਹਾ ਹੈ ਕਿਤੇ ਪੈਦਾ ਹੋ ਰਿਹਾ ਹੈ, ਇਹ ਸਭ ਕਰਤੇ ਦੇ ਰੂਪ ਵਟਾਉਣ ਦਾ ਖੇਲ ਹੈ। ਉਹਦੇ ਤੋਂ ਬਗੈਰ ਹੋਰ ਕੋਈ ਖਿਲਾੜੀ ਨਹੀ ਹੈ। ਦੂਸਰਾ ਮਾਇਆ ਦਾ ਖੇਲ ਵੀ ਓਸੇ ਨੇ ਹੀ ਪੈਦਾ ਕੀਤਾ ਹੈ। ਬੁਰਾਈ ਵੀ ਓਸੇ ਨੇ ਹੀ ਪੈਦਾ ਕੀਤੀ ਹੈ। ਬਸ ਅਸੀ ਜੀਵ ਖੇਡ ਰਹੇ ਹਾਂ। ਸਾਨੂੰ ਸਾਡੀ ਅਸਲੀਅਤ ਦਾ ਅਹਿਸਾਸ ਹੀ ਨਹੀ। ਸਾਰਾ ਖੇਲ ਉਸ ਏਕੇ ਦਾ ਹੀ ਹੈ ਅਤੇ ਉਹ ਬੇਅੰਤ ਹੈ।

ਵਖਿਆਨ ਦੇਣ ਤੋਂ ਬਾਦ ਗੁਰੂ ਸਾਹਿਬ ਫਿਰ ਵੈਰਾਗ ਵਿੱਚ ਆਏ ਤੇ ਮਰਦਾਨੇ ਨੂੰ ਇਸ਼ਾਰਾ ਕੀਤਾ। ਸਾਰਾ ਦੀਵਾਨ ਗੁਰੂ ਸਾਹਿਬ ਦੇ ਮਗਰ ਗੂੰਜ ਉਠਿਆ, "ਸਾਹਿਬ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ ਹੈ"। ਢੋਲਕੀਆਂ ਸ਼ੈਨਿਆਂ ਖੜਤਾਲਾਂ ਨੇ ਜੰਗਲ ਵਿੱਚ ਮੰਗਲ ਲਾ ਦਿੱਤਾ। ਹਰ ਕੋਈ ਸਰੂਰ ਵਿੱਚ ਸੀ। ਹਰ ਪਾਸੇ ਮਸਤੀ ਸੀ। ਹਰ ਕੋਈ ਝੂਮ ਉਠਿਆ। ਸ਼ਬਦ ਆਸਾ ਰਾਗ ਵਿੱਚ ਸੀ:-

ਆਸਾ ਮਹਲਾ ੧ ॥ ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥ ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥ ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥ ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥ ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥੨॥ ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ ॥ ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ ॥੩॥ ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ ॥ ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕੁ ਬਪੁੜਾ ਏਵ ਕਹੈ ॥੪

----◈----

## "ਮੈਨੂੰ ਤਾਂ ਸਾਰਾ ਸੰਸਾਰ ਹੀ ਸ਼ਰਾਬੀ ਹੋਇਆ ਦਿਸਦਾ ਹੈ"+

ਜਦੋਂ ਸ਼ਰਾਬੀਆਂ ਖਿਲਾਫ ਸਾਧੂਆਂ ਸ਼ਕਾਇਤ ਕੀਤੀ ਸੀ ਤਾਂ

ਲੋਕਾਂ ਦੀਆਂ ਜਿਆਦਾ ਦੁਨੀਆਵੀ ਮੰਗਾਂ ਆਉਣ ਤੇ ਗੁਰੂ ਸਾਹਿਬ ਕਦੀ ਅੱਕ ਜਾਂਦੇ ਸਨ ਤੇ ਇਕਾਂਤ ਵਲ ਚਲੇ ਜਾਂਦੇ ਸਨ। ਏਸੇ ਤਰਾਂ ਇਕ ਵੇਰਾਂ ਕਰਤਾਰਪੁਰ ਵਿਖੇ ਬੈਠੇ ਸਨ ਕਿ ਉਨਾਂ ਦੀ ਮੌਜ ਆਈ ਤੇ ਮਰਦਾਨੇ ਨੂੰ ਨਾਲ ਲਈ ਰਾਵੀ ਕੰਢੇ (ਪਿੰਡ ਧਰਮਕੋਟ ਦੀ ਹਦੂਦ ਅੰਦਰ) ਜਾ ਬਿਰਾਜੇ। ਹੌਲੀ ਹੌਲੀ ਸ਼ਰਧਾਲੂਆਂ ਨੂੰ ਪਤਾ ਲੱਗਾ ਤਾਂ ਉਹ ਰਾਵੀ ਕੰਢੇ ਹੀ ਆਉਣੇ ਸ਼ੁਰੂ ਹੋ ਗਏ।

ਕੁਝ ਸਮੇਂ ਬਾਦ ਕਰਤਾਰਪੁਰ ਕੁਝ ਸਾਧੂ ਆ ਗਏ ਤੇ ਕਹਿਣ ਲੱਗੇ ਕਿ ਸੁਣਿਐ ਬਾਬਾ ਨਾਨਕ ਇਥੇ ਆਏ ਹੋਏ ਨੇ। ਸੇਵਾਦਾਰਾਂ ਦੱਸਿਆ ਕਿ ਆਏ ਤੇ ਹੈਨ ਪਰ ਐਸ ਵਕਤ ਸੁਣਿਐ ਰਾਵੀ ਕੰਢੇ ਬੈਠੇ ਹੋਏ ਨੇ। ਸਾਧੂ ਵੀ ਉਡੀਕਣ ਦੀ ਥਾਂ ਜਿੱਥੇ ਦੱਸਿਆ ਗਇਆ ਸੀ ਰਾਵੀ ਵਲ ਨੂੰ ਹੀ ਹੋ ਤੁਰੇ।

ਸੰਗੀਤ ਦੀ ਆਵਾਜ ਨੇ ਦੂਰੋਂ ਹੀ ਸਾਧੂਆਂ ਨੂੰ ਗੁਰੂ ਸਾਹਿਬ ਦੇ ਟਿਕਾਣੇ ਦਾ ਪਤਾ ਦਸ ਦਿੱਤਾ।

ਸਾਧੂਆਂ ਨੂੰ ਮਿਲ ਕੇ ਗੁਰੂ ਸਾਹਿਬ ਨੇ ਖਿਮਾ ਯਾਚਨਾ ਕੀਤੀ ਕਿ ਮਹਾਤਮਾਵਾਂ ਨੂੰ ਖੇਚਲ ਹੋਈ ਹੈ ਇਥੇ ਆਉਣ ਅਤੇ ਕਹਿਣ ਲੱਗੇ ਕਿ ਚਲੋ ਡੇਰੇ ਚਲਦੇ ਹਾਂ। ਪਹਿਲਾਂ ਲੰਗਰ ਪਾਣੀ ਫਿਰ ਗੋਸ਼ਟੀ ਹੋਵੇ। ਸਾਧੂਆਂ ਨੇ ਕਿਹਾ ਕਿ ਤੁਹਾਡੇ ਡੇਰੇ ਦੇ ਸੇਵਾਦਾਰਾਂ ਸਾਨੂੰ ਸੰਤੁਸ਼ਟ ਕਰਕੇ ਭੇਜਿਆ ਹੈ ਕਿ ਤੇ ਹੁਣ ਸਿਰਫ ਤੁਹਾਡੇ

ਵੀਚਾਰ ਸੁਨਣ ਦੀ ਸਾਨੂੰ ਭੁੱਖ ਹੈ।

ਇਹ ਗੱਲਾਂ ਚਲ ਰਹੀਆ ਸਨ ਕਿ ਲਾਗੇ ਹੀ ਸ਼ੋਰ ਸ਼ਰਾਬਾ ਹੋ ਗਿਆ। ਦਸ ਬਾਰਾ ਮੁੰਡੇ ਰਾਵੀ ਕੰਢੇ ਬਹਿ ਕੇ ਦਾਰੂ ਪੀ ਰਹੇ ਸਨ ਕਿ ਉਨਾਂ ਵਿੱਚ ਲੜਾਈ ਹੋ ਗਈ। ਮਰਦਾਨੇ ਨੇ ਦੱਸਿਆ ਕਿ ਇਨਾ ਨੇ ਕਿਤੇ ਸ਼ਿਕਾਰ (ਹਿਰਨ ਆਦਿ) ਮਾਰਿਆ ਹੈ ਤੇ ਇਥੇ ਹੀ ਰਿੰਨ ਬਣਾ ਕੇ ਖਾ ਰਹੇ ਸਨ ਤੇ ਨਾਲੇ ਸ਼ਰਾਬ ਪੀ ਰਹੇ ਸਨ।

ਗੁਰੂ ਸਾਹਿਬ ਨੇ ਕਿਹਾ ਕਿ ਇਨਾਂ ਨੂੰ ਨਜਰਅੰਦਾਜ਼ ਕਰੋ।

ਪਰ ਮੁੰਡੇ ਚੀਕਾਂ ਮਾਰ ਰਹੇ ਸਨ। ਬਕਰੇ ਬੁਲਾ ਰਹੇ ਸਨ ਕਿ ਸਾਧੂਆਂ ਦਾ ਧਿਆਨ ਭਟਕ ਰਿਹਾ ਸੀ। ਸਾਧੂ ਓਨਾਂ ਨੂੰ ਬੁਰਾ ਭਲਾ ਆਖ ਰਹੇ ਸਨ ਕਿ ਪੀ ਪੀ ਕੇ ਇਹ ਲੋਕ ਅੰਨੇ ਹੋਏ ਪਏ ਤੇ ਇਨਾਂ ਦੀ ਬੁੱਧ ਭ੍ਰਿਸ਼ਟ ਹੋਈ ਪਈ ਹੈ। ਨਸ਼ੇ ਵਿੱਚ ਇਹ ਆਪਣਾ ਖੁੱਦ ਦਾ ਵੀ ਨੁਕਸਾਨ ਕਰ ਰਹੇ ਹਨ। ਸੱਟ ਪੇਟ ਵੀ ਲੱਗਣ ਦਾ ਖਤਰਾ ਹੈ।

ਸਾਧੂਆਂ ਜਿਵੇ ਗੁਰੂ ਸਾਹਿਬ ਦਾ ਇਸ ਬਾਬਤ ਵਿਚਾਰ ਜਾਨਣਾ ਚਾਹਿਆ ਤਾਂ ਸਾਹਿਬ ਨੇ ਫਰਮਾਇਆ ਕਿ ਸਾਧੂ ਜਨੋ ਮੈਨੂੰ ਤਾਂ ਸਾਰਾ ਸੰਸਾਰ ਹੀ ਸ਼ਰਾਬੀ ਹੋਇਆ ਦਿਸਦਾ ਹੈ। ਹੋਸ਼ ਕਿਸੇ ਨੂੰ ਵੀ ਨਹੀ। ਜੀਵਨ ਦੀ ਸੱਚਾਈ ਕੋਈ ਵੀ ਨਹੀ ਸਮਝ ਰਿਹਾ। ਵੇਖੋ ਕੋਈ ਮੋਹ ਦੇ ਨਸ਼ੇ ਵਿੱਚ ਗਲਤਾਨ ਹੈ ਕੋਈ ਕਾਮ ਦੇ ਨਸ਼ੇ ਵਿੱਚ ਕੋਈ ਕ੍ਰੋਧ ਕਰਕੇ ਸ਼ੁਦਾਈ ਹੋਇਆ ਪਿਆ ਹੈ, ਕੋਈ ਹੰਕਾਰ ਵਿੱਚ ਹੀ ਸੜੀ ਭੁੱਜੀ ਜਾ ਰਿਹਾ ਹੈ।

ਸਾਧੂਆਂ ਨੂੰ ਗੱਲ ਝੱਟ ਸਮਝ ਆ ਗਈ ਕਿ ਇਹ ਤਾਂ ਵੱਡੀ ਸੱਚਾਈ ਹੈ ਕਿ ਬੰਦਾ ਸਾਰੀ ਉਮਰ ਮਾਇਆ ਦੇ ਨਸ਼ੇ ਵਿੱਚ ਹੀ ਬਤੀਤ ਕਰ ਦਿੰਦਾ ਹੈ। ਉਨੂੰ ਅਹਿਸਾਸ ਹੀ ਨਹੀ ਹੁੰਦਾ ਤੇ ਨਾਂ ਹੀ ਧਿਆਨ ਜਾਂਦਾ ਹੈ ਕਿ ਇਕ ਦਿਨ ਸਭ ਕੁਝ ਛੱਡਣਾ ਪੈਣਾ ਹੈ। ਭਾਵ ਸੱਚਾਈ ਨੂੰ ਹਰ ਕਿਸੇ ਨੇ ਵਸਾਰਿਆ ਹੁੰਦਾ ਹੈ। ਇਨਸਾਨ ਝੂਠ ਦੇ ਨਸ਼ੇ ਵਿੱਚ ਹੈ।

ਏਨੇ ਨੂੰ ਮਰਦਾਨੇ ਨੇ ਗੁਰੂ ਸਾਹਿਬ ਤੋਂ ਇਜਾਜਤ ਲਈ ਕਿ ਸਾਹਿਬ ਅੱਜ ਮੈਨੂੰ ਸ਼ਬਦ ਕਹਿਣ ਦਿਓ। ਗੁਰੂ ਸਾਹਿਬ ਮਰਦਾਨੇ ਦੀ ਬੇਨਤੀ ਤੇ ਬਹੁਤ ਖੁਸ਼ ਹੋਏ ਤੇ ਮਰਦਾਨੇ ਨੂੰ ਥਾਪੜਾ ਦਿੱਤਾ ਕਿ ਅੱਜ ਤੂੰ ਬੋਲ ਬਾਣੀ। ਮਰਦਾਨੇ ਨੇ ਸਲੋਕ ਬੋਲਿਆ:-

ਸਲੋਕੁ ਮਰਦਾਨਾ ੧ ॥ ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ ॥ ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ ॥ ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ॥ ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ ॥ ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ ॥ ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥੧॥ ਮਰਦਾਨਾ ੧ ॥ ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ॥ ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ ॥ ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥ ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ॥ ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥੨॥ ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ॥ ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥੩॥

ਹਰ ਕੋਈ ਬੋਲ ਉਠਿਆ ਵਾਹ ਭਾਈ ਮਰਦਾਨਾ ਵਾਹ ਮਰਦਾਨਾ। ਧੰਨ ਗੁਰੂ ਨਾਨਕ। ਧੰਨ ਗੁਰੂ ਨਾਨਕ। ਵਾਹਿਗੁਰੂ। ਵਾਹਿਗੁਰੂ।

----◈-----

## ਮਾਤਾ ਪਿਤਾ ਦਾ ਚਲਾਣਾ*

ਜਿਵੇ ਪਿੱਛੇ ਆ ਚੁੱਕਾ ਹੈ ਗੁਰੂ ਸਾਹਿਬ ਨੇ ਆਪਣਿਆਂ ਮਾਪਿਆਂ ਤੇ ਵੀ ਕਿਰਪਾ ਕੀਤੀ ਤੇ ਉਨਾਂ ਨੂੰ ਵੀ ਨਾਮ ਦੀ ਦਾਤ ਬਖਸ਼ੀ। ਅਜਿਹੀ ਬਖਸ਼ਸ਼ ਹੋਈ ਕਿ ਦੋਵਾਂ ਦਾ ਮੰਨ ਵੀ ਨਾਮ ਵਿੱਚ ਲੱਗਣਾ ਸ਼ੁਰੂ ਹੋ ਗਇਆ। ਪਿਤਾ ਕਾਲੂ ਦਾ ਹੁਣ ਮਾਇਆ ਮੋਹ ਘੱਟ ਚੁੱਕਾ ਸੀ। ਉਨਾਂ ਨੂੰ ਵੀ ਕਰਤੇ ਦੇ ਖੇਡ ਅਤੇ ਸੱਚ ਦੀ ਸਮਝ ਪੈ ਚੁੱਕੀ ਸੀ। ਪਹਿਲਾਂ ਤਾਂ ਦੀਵਾਨ ਦੇ ਕੰਮਾਂ ਵਿੱਚ ਟੋਕਾ ਟੋਕਾਈ ਵੀ ਕਰਿਆ ਕਰਦੇ ਸਨ ਪਰ ਹੁਣ ਮੰਨ ਸੰਤੋਖ ਵਿੱਚ ਆ ਚੁੱਕਾ ਸੀ। ਹਾਂ ਪੋਤਰਿਆ ਦੇ ਘਰ ਉਲਾਦ ਨਹੀ ਸੀ ਇਸ ਕਰਕੇ ਕਦੀ ਗੁਰੂ ਸਾਹਿਬ ਨੂੰ ਤਾਕੀਦ ਕਰਦੇ ਕਿ ਲਖਮੀ ਚੰਦ ਦੇ ਵਿਆਹ ਦਾ ਕੁਝ ਕਰੋ।

ਥੈਰ ਕਤਕ 1581 ਬਿਕਰਮੀ ਮੁਤਾਬਿਕ 1524* ਈ ਨੂੰ ਮਾਤਾ ਤ੍ਰਿਪਤਾ ਥੋੜਾ ਚਿਰ ਢਿੱਲੀ ਮੱਠੀ ਰਹਿ ਕੇ ਕਰਤਾਰਪੁਰ ਵਿਖੇ ਚਲਾਣਾ ਕਰ ਗਏ।। ਓਦੋਂ ਗੁਰੂ ਸਾਹਿਬ ਕਰਤਾਰਪੁਰ ਵਿਖੇ ਹੀ ਮੌਜੂਦ ਸਨ। ਗੁਰੂ ਸਾਹਿਬ ਨੇ ਬ੍ਰਾਹਮਣੀ ਰੀਤਾਂ ਰਸਮਾਂ ਨੂੰ ਦਰ ਕਿਨਾਰ ਕਰਕੇ ਮਾਤਾ ਦਾ ਅੰਤਮ ਸਸਕਾਰ ਕੀਤਾ ਅਤੇ ਕਈ ਦਿਨ ਲੱਗਾਤਾਰ ਉਨਾਂ ਦੀ ਯਾਦ ਨੂੰ ਸਮਰਪਤ ਸ਼ਬਦ ਕੀਰਤਨ ਚਲਦੇ ਰਹੇ।

ਓਸੇ ਸਾਲ ਹੀ ਕੁਝ ਦਿਨਾਂ ਦੇ ਅਰਸੇ ਮਗਰੋ 27 ਮਾਘ 1581 (ਫਰਵਰੀ 1525 ਈ.) ਪਿਤਾ ਮਹਿਤਾ ਕਾਲੂ ਵੀ ਚੜ੍ਹਾਈ ਕਰ ਗਏ। ਗੁਰੂ ਸਾਹਿਬ ਓਦੋਂ ਪੰਜਾਬ ਦੇ ਹੀ ਕਿਸੇ ਇਲਾਕੇ ਵਿੱਚ ਸਨ। ਮਿਰਾਸੀ ਭੇਜ ਕੇ ਗੁਰੂ ਸਾਹਿਬ ਨੂੰ ਸੱਦ ਲਿਆ ਗਿਆ। ਜਦੋਂ ਤੱਕ ਸਹਿਬਜਾਦਿਆਂ ਬਾਬਾ ਸ੍ਰੀ ਚੰਦ ਅਤੇ ਲਖਮੀ ਦਾਸ ਨੇ ਆਪਣੀ ਮਰਜੀ ਅਨੁਸਾਰ ਬ੍ਰਾਹਮਣੀ ਰੀਤਾਂ ਪਾਲਦੇ ਹੋਏ ਦਾਦਾ ਦਾ ਸਸਕਾਰ ਕਰ ਦਿੱਤਾ। ਉਦੋਂ ਕਰਤਾਰਪੁਰ ਗੁਰਸਿੱਖਾਂ ਨੇ ਰੋਸ ਵੀ ਜਿਤਾਇਆ ਪਰ ਸਾਹਿਬਜਾਦਿਆਂ ਆਪਣੀ ਮਰਜੀ ਕੀਤੀ।

ਬਾਦ ਵਿੱਚ ਗੁਰੂ ਸਾਹਿਬ ਦੇ ਪਰਤਣ ਤੇ ਪਿਤਾ ਕਾਲੂ ਦੇ ਕਲਿਆਣ ਵਾਸਤੇ ਕੀਰਤਨ ਦੇ ਪ੍ਰਵਾਹ ਚਲਦੇ ਰਹੇ। ਗੁਰੂ ਸਾਹਿਬ ਦੇ ਪਰਤਣ ਉਪਰੰਤ ਕੋਈ ਬ੍ਰਾਹਮਣੀ ਰਸਮ ਨਹੀ ਚਲਣ ਦਿੱਤੀ ਗਈ।

—▲—

ਪੈੜ ਸੂਤਾ

| | | |
|---|---|---|
| ◈ ਸੋਚੀ 2-209, | ● ਸੋਚੀ 2-212 | ◉ ਸੋਚੀ 2-218 |
| ◉ ਸੋਚੀ 2-218 | ■ ਸੋਚੀ 2-223 | ◆ ਸੋਚੀ 2-225 |
| ○ ਸੋਚੀ 2- 619 | ◘ ਸੋਚੀ 2-225 | ✚ ਸੋਚੀ 2-515 |

*16 ਵੀ ਸਦੀ ਵਿਚ ਕ੍ਰੋੜਾਂ ਲੋਕ ਛੂਆ ਛੂਤ ਦੀਆਂ ਬੀਮਾਰੀਆਂ ਨਾਲ ਮਰੇ ਸਨ। ਈਰਾਨ ਤੋਂ ਬਹੁਤ ਲੋਕ ਭੱਜ ਕੇ ਪੰਜਾਬ ਵਲ ਆ ਗਏ ਸਨ। ਹੋ ਸਕਦੈ ਮਹਿਤਾ ਕਾਲੂ, ਮਾਤਾ ਤ੍ਰਿਪਤਾ, ਬੇਬੇ ਨਾਨਕੀ ਅਤੇ ਭਾਈਆ ਜੈਰਾਮ ਦੇ ਚਲਾਣੇ ਦਾ ਕਾਰਨ ਵੀ ਕੋਈ ਛੂਆ ਛੂਤ ਦੀ ਬੀਮਾਰੀ ਬਣੀ ਹੋਵੇ। ਕਿਉਕਿ ਲਿਖਾਰੀਆਂ ਨੇ ਲਿਖਿਆ ਹੈ ਕਿ ਇਹਨਾਂ ਸੁਭਾਗੇ ਜੋੜਿਆਂ ਦਾ ਅੰਤਮ ਸਮਾਂ ਨਾਲ ਨਾਲ ਹੀ ਹੋਇਆ ਹੈ।
http://jhr.ui.ac.ir/article_22654.html

* ਇਹ ਤਰੀਕਾਂ ਖਜਾਨ- 106 ਨੇ ਦਿੱਤੀਆਂ ਹਨ। ਨਵੀ ਖੋਜ ਅਨੁਸਾਰ ਅਸਾਂ ਦੋ ਸਾਲ ਦਾ ਵਾਧਾ ਕਰ ਦਿੱਤਾ ਹੈ।